**ਚੌਂਕ ਮਹਿਤਾ, 18 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੋਰ ਅਤੇ ਜਿਲਾ ਮਲੇਰੀਆ ਅਫਸਰ ਡਾ ਹਰਜੋਤ ਕੌਰ ਜੀ ਦੇ ਦਿਸਾ ਨਿਰਦੇਸਾਂ ਅਨੁਸਾਰ ਡਾ ਮੋਨਾ ਚਤਰਥ ਐਸਐਮਓ ਤਰਸਿੱਕਾ ਦੀ ਅਗਵਾਈ ਹੇਠ ਪਿੰਡ ਜੋਧਾਨਗਰੀ ਦੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਡੇਂਗੂ ਬੁਖਾਰ ਅਤੇ ਇਸ ਤੋਂ ਬਚਾਅ ਸਬੰਧੀ ਭਰਪੂਰ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸਮੂਹ ਸਟਾਫ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਗੂ ਬੁਖਾਰ ਐਡੀਜ ਅਜੈਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਡੇਂਗੂ ਦਾ ਮੱਛਰ ਸਾਫ ਪਾਣੀ ਵਿਚ ਪਨਪਦਾ ਹੈ। ਇਹ ਦਿਨ ਅਤੇ ਸ਼ਾਮ ਵੇਲੇ ਕੱਟਦਾ ਹੈ। ਸਟਾਫ ਨੇ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਆਪਣੇ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਣ ਅਤੇ ਬਾਰਿਸ਼ ਦੇ ਪਾਣੀ ਨੂੰ ਘਰਾਂ ਲਾਗੇ ਖੜਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਲੋਕਾਂ ਦੀ ਬੀਪੀ, ਸ਼ੂਗਰ ਅਤੇ ਕੈਂਸਰ ਸਕਰੀਨਿੰਗ ਵੀ ਕੀਤੀ ਗਈ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਮੁਹੱਈਆ ਕੀਤੀਆਂ ਗਈਆਂ ।ਇਸ ਮੌਕੇ ਕੁਲਵਿੰਦਰ ਸਿੰਘ ਐਸਆਈ, ਅਮਨਜੋਤ ਕੌਰ ਸੀਐਚਓ ਅਤੇ ਮਨਬੀਰ ਸਿੰਘ ਹੈਲਥ ਵਰਕਰ ਵਲੋਂ ਲੋਕਾਂ ਨੂੰ ਉਨਾਂ ਦੇ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ, ਛੱਤਾਂ ਅਤੇ ਆਲੇ ਦੁਆਲੇ ਪਏ ਪੁਰਾਣੇ ਟਾਇਰਾਂ, ਭਾਂਡਿਆਂ, ਟੁੱਟੇ ਗਮਲਿਆਂ, ਟੈਂਕੀਆਂ ਵਿਚ ਬਾਰਿਸ਼ ਦਾ ਪਾਣੀ ਨਾ ਇਕੱਠਾ ਹੋਣ ਲਈ ਪ੍ਰੇਤਿ ਕੀਤਾ। ਉਨਾਂ ਕਿਹਾ ਕਿ ਡੇਂਗੂ ਦੇ ਮੱਛਰ ਕਾਰਨ ਜਿਥੇ ਬੁਖਾਰ ਹੁੰਦਾ ਹੈ ਉਥੇ ਸਿਰਦਰਦ, ਮਸੂੜਿਆਂ ਵਿਚੋਂ ਖ਼ੂਨ ਆਉਣਾ, ਮਾਸਪੇਸ਼ੀਆਂ ਵਿਚ ਦਰਦ, ਉਲਟੀਆਂ ਆਉਣਾ ਆਦਿ ਹੋ ਸਕਦੇ ਹਨ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਪੂਰੀ ਤਰਾਂ ਕਵਰ ਕਰ ਕੇ ਰੱਖਣਾ ਚਾਹੀਦਾ ਹੈ। ਰਾਤ ਨੂੰ ਸੋਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਬੁਖਾਰ ਦਾ ਟੈੱਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ।



# ਸ੍ਰੀ ਗੁਰੂ ਨਾਨਕ ਗਰਲਜ਼ ਸੀ.ਸੈ.ਸਕੂਲ ਦਾ ਦਸਵੀਂ ਅਤੇ ਬਾਰ੍ਹਵੀਂ ਦਾ ਨਤੀਜਾ 100 ਫੀਸਦੀ ਆਇਆ



**ਅੰਮ੍ਰਿਤਸਰ, 18 ਮਈ (ਸ਼ਮਸ਼ੇਰ ਸਿੰਘ ਜੇਠੂਵਾਲ)**-ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਚੋਂ ਜਿਲ੍ਹਾ ਅੰਮ੍ਰਿਤਸਰ 98.54 ਫੀਸਦੀ ਅੰਕਾਂ ਨਾਲ ਸੂਬੇ ਭਰ ਚੋਂ ਪਹਿਲੇ ਸਥਾਨ ਤੇ ਆਇਆ ਹੈ,ਬੋਰਡ ਵਲੋਂ ਜਾਰੀ ਕੀਤੀ ਸੂਚੀ ਅਨੁਸਾਰ ਅੰਮ੍ਰਿਤਸਰ ਤੋਂ 6 ਸਰਕਾਰੀ ਅਤੇ 19 ਪ੍ਰਾਈਵੇਟ ਸਕੂਲਾਂ ਦੇ ਕੁੱਲ ਪੱਚੀ ਵਿਦਿਆਰਥੀ ਮੈਰਿਟ ਸੂਚੀ ਵਿਚ ਆਏ ਜਿੰਨਾ ਚੋਂ 20 ਲੜਕੀਆਂ 5 ਲੜਕੇ ਸ਼ਾਮਲ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਵਿੱਦਿਅਕ ਸੰਸਥਾਵਾਂ ਚੋਂ ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਘਿਓ ਮੰਡੀ ਦਾ ਬਾਰ੍ਹਵੀਂ ਅਤੇ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ ।ਪ੍ਰਿੰਸੀਪਲ ਮਨਿੰਦਰਪਾਲ ਕੌਰ ਨੇ ਖੁਸ਼ੀ ਦਾ ਇਜਹਾਰ ਕਰਦੇ ਹੋਏ ਦੱਸਿਆ ਕਿ ਬਾਰ੍ਹਵੀਂ ਜਮਾਤ ਦੀਆਂ 146 ਵਿਦਿਆਰਥਣਾਂ ਨੇ ਪ੍ਰੀਖਿਆ ਦਿੱਤੀ ਜਿਸ ਵਿਚ 90 ਫੀਸਦੀ ਤੋਂ ਉੱਪਰ 9 ਬੱਚੇ ਅਤੇ 80 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਇਸ ਪ੍ਰਕਾਰ ਹੀ ਦਸਵੀਂ ਜਮਾਤ ਵਿਚ 97 ਵਿਦਿਆਰਥਣਾਂ ਨੇ ਪ੍ਰੀਖਿਆ ਦਿੱਤੀ ਜਿਸ ਵਿਚ ਬਿਸਮਨਪ੍ਰੀਤ ਕੌਰ 92 ਫੀਸਦੀ,ਭੂਮਿਕਾ 91.6 %,ਹਰਲੀਨ ਕੌਰ 90.9 % ਸੁਖਮਨ ਕੌਰ 90.9 %,ਨਵਨੀਤ ਕੌਰ 90.6 % ਅੰਕ ਹਾਸਲ ਕੀਤੇ ਏਨਾ ਤੋਂ ਇਲਾਵਾ 27 ਵਿਦਿਆਰਥਣਾਂ ਵਲੋਂ 85 ਫੀਸਦੀ ਤੋਂ ਉੱਪਰ ਅੰਕ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ। ਇਸ ਮੌਕੇ ਪ੍ਰਿੰਸੀਪਲ ਮਨਿੰਦਰਪਾਲ ਕੌਰ,ਇੰਚਾਰਜ ਅਧਿਆਪਕਾ ਹਰਿਦਰਜੀਤ ਕੌਰ,ਪਰਮਜੀਤ ਕੌਰ,ਕਿਰਨਦੀਪ ਕੌਰ,ਟਵਿੰਕਲ ਭਾਟੀਆ,ਰਮਨਪ੍ਰੀਤ ਕੌਰ,ਸਰਬਜੀਤ ਕੌਰ,ਯਾਦਵਿੰਦਰ ਕੌਰ,ਕਰਮਜੀਤ ਕੌਰ,ਗੁਰਵਿੰਦਰ ਕੌਰ,ਕੁਲਜੀਤ ਸਿੰਘ,ਰਾਜਵਿੰਦਰ ਕੌਰ ਆਦਿ ਸਮੁੱਚੇ ਸਟਾਫ ਵਲੋਂ ਪਹਿਲੇ, ਦੂਜੇ,ਤੀਜੇ,ਚੌਥਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ



# ਪੱਤਰਕਾਰ ਮਨਪ੍ਰੀਤ ਸਿੰਘ ਬੱਧਨੀ ਕਲਾਂ ਨੂੰ ਸਦਮਾ, ਪਿਤਾ ਮਾਸਟਰ ਹਰਨੇਕ ਸਿੰਘ ਸਿੱਧੂ ਦਾ ਦੇਹਾਂਤ

### 21 ਮਈ ਨੂੰ ਬੱਧਨੀ ਕਲਾਂ 'ਚ ਹੋਵੇਗਾ ਅੰਤਿਮ ਸੰਸਕਾਰ

**ਲੰਡਨ, 18 ਮਈ (ਸਰਬਜੀਤ ਸਿੰਘ ਬਨੂੜ)**-ਇੰਗਲੈਂਡ ਵੱਸਦੇ ਪੱਤਰਕਾਰ ਸ. ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਪਿਤਾ ਮਾਸਟਰ ਹਰਨੇਕ ਸਿੰਘ ਸਿੱਧੂ (ਨਿਵਾਸੀ ਪਿੰਡ ਸੱਲੋ ਪੱਤੀ, ਜ਼ਿਲ੍ਹਾ ਮੋਗਾ) ਦਾ ਬੀਤੇ ਦਿਨੀ ਸੰਖੇਪ ਬਿਮਾਰੀ ਉਪਰੰਤ ਸਦੀਵੀ ਵਿਛੋੜਾ ਦੇ ਗਏ । ਉਨ੍ਹਾਂ ਦੇ ਅੰਤਿਮ ਸੰਸਕਾਰ 21 ਮਈ 2025 ਨੂੰ ਪਿੰਡ ਬੱਧਨੀ ਕਲਾਂ (ਮੋਗਾ) ਸਥਿਤ ਬਾਬਾ ਬਲਬੀਰ ਸਿੰਘ ਵਾਲੇ ਸ਼ਮਸ਼ਾਨ ਘਾਟ ਵਿੱਚ ਕੀਤਾ ਜਾਵੇਗੀ। ਮਾਸਟਰ ਹਰਨੇਕ ਸਿੰਘ ਸਿੱਧੂ ਇਕ ਨੇਕ ਦਿਲ, ਨਿਰਲੋਭ ਅਤੇ ਲੋਕ ਭਲਾਈ ਵਾਲੀ ਸੋਚ ਰੱਖਣ ਵਾਲੀ ਸ਼ਖਸੀਅਤ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸਿੱਖਿਆ ਅਤੇ ਸਮਾਜਕ ਸੇਵਾ ਨੂੰ ਸਮਰਪਿਤ ਕੀਤਾ। ਉਨ੍ਹਾਂ ਦੇ ਵਿਛੋੜੇ ਦੀ ਖ਼ਬਰ ਮਿਲਣ ਉਪਰੰਤ ਕਨੇਡਾ ਅਤੇ ਇੰਗਲੈਂਡ ਵਿੱਚ ਵੱਸਦੇ ਪਰਿਵਾਰਕ ਮੈਂਬਰ ਅੰਤਿਮ ਦਰਸ਼ਨਾਂ ਲਈ ਭਾਰਤ ਪਹੁੰਚਣ ਉਪਰੰਤ ਸੰਸਕਾਰ ਕੀਤਾ ਜਾਵੇਗਾ। ਯੂ.ਕੇ. ਸਥਿਤ ਸਿੱਖ ਭਾਈਚਾਰੇ ਅਤੇ ਰਾਜਨੀਤਿਕ, ਸਮਾਜਕ ਵਿਅਕਤੀਆਂ ਸ. ਗੁਰਮੇਲ ਸਿੰਘ ਮੱਲ੍ਹੀ (ਸਾਬਕਾ ਪ੍ਰਧਾਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ), ਐਮ.ਪੀ. ਤਨਮਨਜੀਤ ਸਿੰਘ ਢੇਸੀ, ਐਮ.ਪੀ. ਸੀਮਾ ਮਲਹੋਤਰਾ, ਸਾਬਕਾ ਐਮ.ਪੀ. ਵਰਿੰਦਰ ਸ਼ਰਮਾ, ਸਾਬਕਾ ਮੇਅਰ ਜੋਗਿੰਦਰ ਸਿੰਘ ਬੱਲ, ਪੱਤਰਕਾਰ ਰਾਜਬੀਰ ਸਮਰਾ, ਬਿੱਟੂ ਹੁਸੈਨਪੁਰੀ, ਸ. ਗੁਰਪ੍ਰੀਤ ਸਿੰਘ, ਪੱਤਰਕਾਰ ਮਨਦੀਪ ਖੁਰਮੀ, ਜਸਬੀਰ ਸਿੰਘ ਘੁੰਮਣ, ਕੌਂਸਲਰ ਜਗਜੀਤ ਸਿੰਘ, ਕੌਂਸਲਰ ਰਾਜੂ ਸੰਸਾਰਪੁਰੀ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ।



# ਪ੍ਰਭਦੀਪ ਸਿੰਘ ਨੱਥੋਵਾਲ ਨੂੰ ਪਦ ਉਨਤ ਹੋਣ ਤੇ ਮੁਬਾਰਕ

**ਧੂਰੀ( ਰਣਜੀਤ ਸਿੰਘ ਪੇਧਨੀ)**-ਬਹੁਤ ਹੀ ਸੂਝਵਾਨ ਤੇ ਨਿੱਘੇ ਸੁਭਾਅ ਦੇ ਮਾਲਕ ਸ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਲੋਕ ਸੰਪਰਕ ਵਿਭਾਗ ਚ ਡੀ,ਪੀ, ਆਰ,ਓ ਤੋਂ ਪਦ ਉਨਤ ਹੋ ਕੇ ਡਿਪਟੀ ਡਾਇਰੈਕਟਰ ਬਣਨ ਤੇ ਲੱਖ ਲੱਖ ਮੁਬਾਰਕਾਂ।

ਪਰਮਾਤਮਾ ਸ ਪ੍ਰਭਦੀਪ ਸਿੰਘ ਨੱਥੋਵਾਲ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਬਖਸ਼ੇ ਅਤੇ ਪਰਿਵਾਰ ਤੇ ਮੇਹਰ ਭਰਿਆ ਹੱਥ ਰੱਖੇ ਜੀ।






### ਚੇਅਰਮੈਨ ਘੁੱਲੀ ਨੇ ਮਹਿਕਪ੍ਰੀਤ ਕੌਰ ਨੂੰ

# ਜ਼ਿਲ੍ਹੇ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਕੀਤਾ ਸਨਮਾਨ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਪਿੰਡ ਕੌਲਸੇੜੀ ਵਿਖੇ ਦਸਵੀਂ ਜਮਾਤ ਦੀ ਲੜਕੀ ਮਹਿਕਪ੍ਰੀਤ ਕੌਰ ਨੇ ਸੰਗਰੂਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇਆਪਣਾ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ ਜਿਸ ਦੇ ਨਾਲ ਇਲਾਕੇ ਦੇ ਵਿੱਚ ਬੱਚੇ ਦੇ ਪ੍ਰਤੀ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਬੱਚੀ ਨੂੰ ਮੁਬਾਰਕਵਾਦ ਅਤੇ ਹੌਸਲਾ ਫਜਾਈ ਕਰਨ ਦੇ ਲਈ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਮਹਿਕਪ੍ਰੀਤ ਕੌਰ ਦਾ ਸਨਮਾਨ ਕੀਤਾ। ਇਸ ਮੌਕੇ ਚੇਅਰਮੈਨ ਘੁੱਲੀ ਨੇ ਕਿਹਾ ਕਿ ਅਸੀਂ ਜਿੱਥੇ ਸੰਗਰੂਰ ਜਿਲੇ ਚੋ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਮਹਿਕਪਰੀਤ ਕੌਰ ਮੁਬਾਰਕਵਾਦ ਦਿੰਦੇ ਹਾ, ਉੱਥੇ ਵਿਸਵਾਸ ਦਿਵਾਉਦੇ ਹਾ ਕਿ ਬੱਚੀ ਦੀ ਪੜ੍ਹਾਈ ਲਈ ਜੋ ਵੀ ਸੇਵਾ ਹੋਵੇਗੀ, ਉਹ ਉਸ ਦੇ ਲਈ ਹਰ ਵਕਤ ਹਾਜਰ ਹਨ,ਸਾਨੂੰ ਉਮੀਦ ਹੈ ਕਿ ਬੱਚੀ ਅੱਗੇ ਵੀ ਇਸੇ ਹੀ ਤਰ੍ਹਾਂ ਪੜ੍ਹਾਈ ਵਿੱਚ ਚੰਗੇ ਨੰਬਰ ਲੈ ਕੇ ਆਪਣਾ ਅਤੇ ਆਪਣੇ ਮਾਤਾ, ਪਿਤਾ, ਇਲਾਕੇ ਦਾ ਨਾਮ ਰੋਸ਼ਨ ਕਰਦੀ ਰਹੇਗੀ।

ਇਸ ਮੌਕੇ ਸਰਪੰਚ ਜਗਰੂਪ ਸਿੰਘ ਕੌਲਸੇੜੀ, ਭਿੰਦਾ ਵਿਰਕ ਤੋਂ ਇਲਾਵਾ ਨਗਰ ਨਿਵਾਸੀ ਅਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਚੇਅਰਮੈਨ ਘੁੱਲੀ ਅਤੇ ਚੇਅਰਮੈਨ ਢਿੱਲੋਂ ਨੇ ਪਿੰਡ ਭੋਜੋਵਾਲੀ,ਧੂਰਾ, ਹਰਚੰਦਪੁਰਾ ਨੂੰ ਨਸ਼ਿਆਂ ਖ਼ਿਲਾਫ਼ ਕੀਤਾ ਇਕਜੁੱਟ





**ਧੂਰੀ ( ਰਣਜੀਤ ਸਿੰਘ ਪੇਧਨੀ )**-ਨਸਾਂ ਮੁਕਤੀ ਯਾਤਰਾ ਅਧੀਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਭੋਜੋਵਾਲੀ ਦੇ ਸਰਪੰਚ ਜਗਸੀਰ ਸਿੰਘ ਜੱਗਾ, ਪਿੰਡ ਧੂਰਾ ਦੇ ਸਰਪੰਚ ਸ,ਦਵਿੰਦਰ ਸਿੰਘ ਅਤੇ ਪਿੰਡ ਹਰਚੰਦਪੁਰਾ ਦੇ ਸਰਪੰਚ ਬਲਜਿੰਦਰ ਸਿੰਘ ਦੀ ਅਗਵਾਈ ਹੇਠ ਇੰਨਾ ਪਿੰਡਾਂ ਨੂੰ ਨਸਾਂ ਮੁਕਤ ਬਣਾਉਣ ਲਈ ਰੱਖੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਸ,ਦਲਬੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਪਿੰਡ ਵਾਸੀਆਂ ਨੂੰ ਇਸ ਮੁਹਿੰਮ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਪੂਰਨ ਤੌਰ 'ਤੇ ਖਾਤਮੇ ਲਈ ਜ਼ਰੂਰੀ ਹੈ ਕਿ ਇਸ ਮੁਹਿੰਮ ਨੂੰ ਜਨ ਅੰਦੋਲਨ ਬਣਾਇਆ ਜਾਵੇ ਜੋ ਸਭ ਦੇ ਸਹਿਯੋਗ ਨਾਲ ਸੰਭਵ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪਿੰਡ ਵਿੱਚ ਨਸ਼ਾ ਵੇਚਣ ਆਉਂਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਜਾਂ ਵਿਲੇਜ਼ ਲੈਵਲ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਦੇ ਸਕਦੇ ਹੋ ਅਤੇ ਜੇਕਰ ਕੋਈ ਪਿੰਡ ਦਾ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ ਉਸ ਨੂੰ ਪ੍ਰੇਰਿਤ ਕਰਕੇ ਨਸ਼ਾ ਛਡਾਊ ਕੇਂਦਰ 'ਚ ਇਲਾਜ ਲਈ ਭੇਜਿਆ ਜਾਵੇ। ਇਸ ਮੌਕੇ ਰਿਸਵ ਬਾਂਸਲ ਐਸਡੀਐਮ ਧੂਰੀ, ਦਮਨਵੀਰ ਸਿੰਘ ਬਰਾੜ ਡੀਐਸਪੀ ਧੂਰੀ, ਜਸਵੀਰ ਸਿੰਘ ਤੂਰ ਐਸਐਚਓ ਸਿਟੀ ਧੂਰੀ, ਰਛਪਾਲ ਸਿੰਘ ਹਲਕਾ ਕੋਆਰਡੀਨੇਟਰ ਨਸਾ ਮੁਕਤੀ ਯਾਤਰਾ, ਬੀਡੀਪੀਓ ਜਸਵਿੰਦਰ ਸਿੰਘ, ਬਲਜੀਤ ਸਿੰਘ ਪੰਚਾਇਤ ਸੈਕਟਰੀ, ਦਰਸਨ ਸਿੰਘ ਪਾਠਕ, ਬਲਜੀਤ ਕੌਰ ਚੇਅਰਮੈਨ ਵੇਰਕਾ ਮਿਲਕ ਪਲਾਟ ਸੰਗਰੂਰ ਪਤਨੀ ਆਪ ਆਗੂ ਅਮਰੀਕ ਸਿੰਘ ਸੋਹੀ, ਸਰਪੰਚ ਲਾਲੀ ਬੰਗਾਵਾਲੀ, ਤਰਸੇਮ ਸਿੰਘ ਬੀਈਓ, ਸਮਿੰਦਰ ਕੌਰ, ਸੁਖਵੀਰ ਕੌਰ, ਅਵਤਾਰ ਸਿੰਘ, ਗੁਰਵਿੰਦਰ ਸਿੰਘ, ਅਰਸ਼ਦੀਪ ਸਿੰਘ ਪੂਨੀਆ, ਨਵਜੋਤ ਕੌਰ,ਹਰਦੀਪ ਸਿੰਘ, ਰਮਨਦੀਪ ਕੌਰ, ਨੰਬਰਦਾਰ ਬਹਾਦਰ ਸਿੰਘ, ਨੰਬਰਦਾਰ ਰਜਿੰਦਰ ਸਿੰਘ ਪੇਧਨੀ, ਮਾਣਾ ਗਰੇਵਾਲ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਛੋਟੇ ਸਾਹਿਬਜਾਦੇ ਫਤਹਿ ਨਗਰ ਵਿਖੇ ਸੰਗਤਾਂ ਲਈ ਬੀਬੀ ਸ਼ਰਨ ਕੌਰ ਨਿਵਾਸ ਦਾ ਹੋਇਆ ਉਦਘਾਟਨ

# ਗੁਰਦੁਆਰਾ ਸਾਹਿਬ ਵਲੋਂ ਜਰੂਰਤਮੰਦ ਸੰਗਤਾਂ ਲਈ ਚਲ ਰਹੀਆਂ ਹਨ ਵੱਖ ਵੱਖ ਖੇਤਰ ਦੀ ਸੇਵਾਵਾਂ







**ਨਵੀਂ ਦਿੱਲੀ 18 ਮਈ (ਮਨਪ੍ਰੀਤ ਸਿੰਘ ਖਾਲਸਾ):-** ਗੁਰਦੁਆਰਾ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਫਤਹਿ ਨਗਰ ਵਿਖੇ ਕਾਰ ਸੇਵਾ ਮੁੱਖੀ ਬਾਬਾ ਬੱਚਨ ਸਿੰਘ ਜੀ ਨੇ ਬੀਬੀ ਸ਼ਰਨ ਕੌਰ ਨਿਵਾਸ ਦਾ ਉਦਘਾਟਨ ਕੀਤਾ । ਬੀਬੀ ਸ਼ਰਨ ਕੌਰ ਨਿਵਾਸ ਜੋ ਕਿ ਤਕਰੀਬਨ ਡੇਢ ਸਾਲ ਵਿਚ ਬਣ ਕੇ ਤਿਆਰ ਹੋਇਆ ਹੈ ਵਿਖੇ ਮਿੱਤੀ 16 ਮਈ ਨੂੰ ਅਖੰਡ ਪਾਠ ਸਾਹਿਬ ਰੱਖੇ ਗਏ ਸਨ ਜਿਨ੍ਹਾਂ ਦੀ ਸਮਾਪਤੀ ਅਜ 18 ਮਈ ਨੂੰ ਸਵੇਰੇ 10 ਵਜੇ ਕੀਤੀ ਗਈ ਉਪਰੰਤ ਭਾਈ ਜਸਕਰਨ ਸਿੰਘ ਪਟਿਆਲਾ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਸੀ । ਇਸ ਮੌਕੇ ਗੁਰਦੁਆਰਾ ਸਾਹਿਬ ਵਿਖ਼ੇ ਹਜ਼ੂਰੀ ਰਾਗੀ ਭਾਈ ਮੱਖਣ ਸਿੰਘ ਆਸਟ੍ਰੇਲਿਆ ਵਾਲੇ, ਭਾਈ ਦਵਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਬਰਨ ਸਿੰਘ ਅਤੇ ਹੋਰ ਹਜੂਰੀ ਰਾਗੀ ਜਥੇਆਂ ਨੇ ਵੀਂ ਹਾਜ਼ਿਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਸੀ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਇਕਬਾਲ ਸਿੰਘ ਨੇ ਅਰਦਾਸ ਕੀਤੀ ਸੀ ਅਤੇ ਗਿਆਨੀ ਅਮਰਜੀਤ ਸਿੰਘ ਨੇ ਹੁਕਮਨਾਮਾ ਲਿਆ ਸੀ । ਗਿਆਨੀ ਇਕਬਾਲ ਸਿੰਘ ਨੇ ਦਸਿਆ ਕਿ ਬੀਬੀ ਸ਼ਰਨ ਕੌਰ ਨਿਵਾਸ ਵਿਚ ਸੰਗਤਾਂ ਦੀ ਸਹੂਲੀਅਤ ਲਈ 25 ਕਮਰਿਆਂ ਦਾ ਏਸੀ ਨਿਵਾਸ ਤਿਆਰ ਕੀਤਾ ਗਿਆ ਹੈ ਤੇ ਇਸ ਵਿਚ ਦੋ ਵੱਡੇ ਹਾਲ ਵੀਂ ਬਣਾਏ ਗਏ ਹਨ । ਗਿਆਨੀ ਪ੍ਰੀਤਮ ਸਿੰਘ ਚੱਕਪਖੀ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਦੀ ਸਰਪ੍ਰਸਤੀ ਹੇਠ ਸੰਗਤਾਂ ਦੀ ਸਿਹਤ ਸੇਵਾਵਾਂ ਦੀ ਦੇਖਭਾਲ ਲਈ ਦਸ਼ਮੇਸ਼ ਹਸਪਤਾਲ ਚਲ ਰਿਹਾ ਹੈ ਜਿਸ ਵਿਚ ਆਧੁਨਿਕ ਪ੍ਰਬੰਧ ਡਾਕਟਰੀ ਸੇਵਾਵਾਂ ਦਾ ਦਿਨ/ਰਾਤ ਪ੍ਰਬੰਧ, ਓ.ਪੀ.ਡੀ. ਸੇਵਾ ਅਤੇ ਮਾਹਰ ਡਾਕਟਰ, ਮੈਡੀਕਲ ਕੈਂਪ, ਰਿਆਇਤੀ ਦਰਾਂ ਤੇ ਟੈਸਟ/ਇਲਾਜ ਕੀਤਾ ਜਾਂਦਾ ਹੈ ਤੇ ਇਸਦੇ ਨਾਲ ਹੀ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਬੱਚਿਆਂ ਵਾਸਤੇ ਰਿਆਯਤੀ ਦਰਾਂ ਤੇ ਕੰਪਿਊਟਰ ਕੋਰਸ ਐਨਆਈਆਈਟੀ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਹਨ, ਹੁਣ ਤੱਕ 4 ਹਜਾਰ ਤੋਂ ਵੱਧ ਵਿਦਿਆਰਥੀ ਕੰਪਿਊਟਰ ਕੋਰਸ ਕਰ ਚੁੱਕੇ ਹਨ ਅਤੇ ਵੱਖ-ਵੱਖ ਅਦਾਰਿਆ ਵਲੋਂ 15 ਸੌ ਤੋਂ ਵੱਧ ਵਿਦਿਆਰਥੀਆਂ ਨੂੰ ਰੋਜ਼ਗਾਰ ਦਿੱਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਲੋਂ ਗੁਰਮਤਿ ਕੈਂਪ, ਕੋਚਿੰਗ ਕਲਾਸਾਂ, ਕੈਰਿਅਰ ਕਾਉਂਸਲਿੰਗ, ਇੰਗਲਿਸ਼ ਵਿਆਕਰਣ ਅਤੇ ਬੋਲਣਾ, ਸਮਰ ਕੈਂਪ, ਵਿੰਟਰ ਕੈਂਪ ਆਦਿਕ ਦਾ ਆਯੋਜਨ ਕੀਤਾ ਜਾਂਦਾ ਹੈ। ਬੀਬੀ ਸ਼ਰਨ ਕੌਰ ਨਿਵਾਸ ਦੇ ਉਦਘਾਟਨ ਮੌਕੇ ਬਾਬਾ ਬੱਚਨ ਸਿੰਘ ਜੀ ਕਾਰ ਸੇਵਾ ਵਾਲੇ, ਦਿੱਲੀ ਦੇ ਕੈਬਿਨੇਟ ਮਨਿਸਟਰ ਆਸ਼ਿਸ਼ ਸੂਦ, ਐਮਐਲਏ ਸ਼ਾਮ ਸ਼ਰਮਾ, ਦਿੱਲੀ ਕਮੇਟੀ ਮੈਂਬਰ ਅਮਰਜੀਤ ਸਿੰਘ ਪੱਪੂ, ਰਮਨਦੀਪ ਸਿੰਘ ਥਾਪਰ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਯੂਥ ਵਿੰਗ ਪ੍ਰਧਾਨ ਰਮਨਦੀਪ ਸਿੰਘ ਸੋਨੂੰ, ਗੁਰਪ੍ਰੀਤ ਸਿੰਘ ਰਿੰਟਾ, ਗੁਰਦੁਆਰਾ ਕਮੇਟੀ ਮੈਂਬਰ ਮਨਮੋਹਨ ਸਿੰਘ, ਰਮਿੰਦਰਪਾਲ ਸਿੰਘ ਬਖਸ਼ੀ ਸਮੇਤ ਵਡੀ ਗਿਣਤੀ ਵਿਚ ਪਤਵੰਤੇ ਸੱਜਣ ਅਤੇ ਸੰਗਤਾਂ ਹਾਜਿਰ ਸਨ।

## ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ

# ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ: ਤਨ ਢੇਸੀ



**ਨਵੀਂ ਦਿੱਲੀ, 18 ਮਈ (ਮਨਪ੍ਰੀਤ ਸਿੰਘ ਖਾਲਸਾ):-** ਯੂਕੇ ਦੇ ਪਹਿਲੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵਲੋਂ ਬੀਤੇ ਕੁਝ ਦਿਨ ਪਹਿਲਾਂ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਮੁਲਾਕਾਤ ਕੀਤੀ ਗਈ ਤੇ ਇਸ ਮੌਕੇ ਉਨ੍ਹਾਂ ਵਲੋਂ ਸਿੱਖਾਂ ਦੇ ਵੱਖ ਵੱਖ ਮੁਦਿਆਂ ਦੇ ਨਾਲ ਸੰਸਾਰਿਕ ਮੁਦਿਆਂ ਤੇ ਵੀਂ ਚਰਚਾ ਕੀਤੀ ਗਈ ਸੀ। ਉਨ੍ਹਾਂ ਦਸਿਆ ਕਿ ਸੰਸਦ ਵਿੱਚ ਦੋ ਪਿਆਰੇ ਦੋਸਤਾਂ ਦੀ ਮੇਜ਼ਬਾਨੀ ਕਰਕੇ ਜਿੱਥੇ ਮੈਨੂੰ ਖੁਸ਼ੀ ਹੋਈ ਕਿ ਜਿਨ੍ਹਾਂ ਨੇ ਆਪਣੇ ਦੇਸ਼, ਸਿੱਖ ਭਾਈਚਾਰੇ ਅਤੇ ਵਿਸ਼ਾਲ ਮਨੁੱਖਤਾ ਲਈ ਵੱਡਾ ਯੋਗਦਾਨ ਪਾਉਣ ਲਈ ਅਣਥੱਕ ਮਿਹਨਤ ਕੀਤੀ ਹੈ ਉਨ੍ਹਾਂ ਨਾਲ ਤਕਰੀਬਨ ਇਕ ਘੰਟਾ ਗੁਜਾਰਨ ਦਾ ਮੌਕਾ ਮਿਲਿਆ ਸੀ । ਉਨ੍ਹਾਂ ਦਸਿਆ ਕਿ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਇੱਕ ਘੰਟਾ ਤਜ਼ਰਬਿਆਂ ਦਾ ਆਦਾਨ-ਪ੍ਰਦਾਨ ਕਰਨ ਅਤੇ ਦੁਨੀਆ ਨੂੰ ਹੱਕਾਂ ਲਈ ਪ੍ਰੇਰਿਤ ਕਰਨ ਵਿੱਚ ਬਿਤਾਇਆ। ਕੈਨੇਡਾ, ਯੂਕੇ ਦੀ ਰਾਜਨੀਤੀ ਦੇ ਨਾਲ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਦੇ ਅੰਦਰ ਹੋਈਆਂ ਤਰੱਕੀਆਂ 'ਤੇ ਚਰਚਾ ਕੀਤੀ ਗਈ ਅਤੇ ਇਸ ਲਈ ਹੋਰ ਕਿਹੜੇ ਕਦਮ ਚੁੱਕੇ ਜਾ ਰਹੇ ਹਨ ਬਾਰੇ ਵਿਚਾਰਾਂ ਕੀਤੀਆਂ ਗਈਆਂ ਸਨ । ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ ਹੈ।

# ਪੱਤਰਕਾਰ ਕੰਵਲਜੀਤ ਸਿੰਘ ਲਾਡੀ ਦੇ ਛੋਟੇ ਭਰਾ ਗੁਰਪ੍ਰੀਤ ਸਿੰਘ ਰਿੰਕੂ ਦੀ ਅੰਤਿਮ ਅਰਦਾਸ 24 ਮਈ ਨੂੰ ਪਿੰਡ ਜੱਬੋਵਾਲ ਗੁਰਦੁਆਰਾ ਸੰਤਸਰ ਵਿਖੇ 1 ਵਜੇ ਹੋਵੇਗੀ



**ਜੰਡਿਆਲਾ ਗੁਰੂ, 18 ਮਈ ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਪੱਤਰਕਾਰ ਕੰਵਲਜੀਤ ਸਿੰਘ ਲਾਡੀ ਦੇ ਛੋਟੇ ਭਰਾ ਸ, ਗੁਰਪ੍ਰੀਤ ਸਿੰਘ ਰਿੰਕੂ ਜੋ ਕਿ ਕਾਲਾ ਪੀਲੀਆ ਦੇ ਸਿਕਾਰ ਹੋ ਗਏ ਸਨ ਸੋ ਤਿਨਾ ਦੀ 15- 5-2025-ਨੂੰ ਆਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਨੂੰ ਭੋਗਦਿਆਂ ਹੋਇਆਂ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਕਿ ਪ੍ਰੀਵਾਰ ਨੂੰ ਸਦੀਵੀਂ ਵਿਛੋੜਾ ਦੇ ਕਿ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ ਗੁਰਪ੍ਰੀਤ ਸਿੰਘ ਰਿੰਕੂ ਦਾ ਜਨਮ 18-04-1980 ਨੂੰ ਹੋਇਆ ਅਤੇ ਓਹਨਾ ਦਾ ਵਿਆਹ ਟਾਂਗਰਾ ਦੇ ਪਿੰਡ ਜੱਬੋਵਾਲ ਵਿਖੇ ਬੀਬੀ ਬਲਜੀਤ ਕੌਰ ਨਾਲ ਹੋਇਆ ਸੀ ਉਹ ਆਪਣੀ ਮੌਤ ਪਿੱਛੋਂ ਆਪਣੀ ਧਰਮ ਪਤਨੀ ਬਲਜੀਤ ਕੌਰ ਤੇ ਦੋ ਛੋਟੇ ਬੱਚੇ ਇੱਕ ਸਾਹਿਬਨੂਰ ਸਿੰਘ ਜਿਸਦੀ ਉਮਰ 7 ਸਾਲ ਤੇ ਦੂਸਰਾ ਅਨੰਤਬੀਰ ਸਿੰਘ ਲਗਭੱਗ 2 ਸਾਲ ਹੈ ਆਪਣੇ ਪਿੱਛੇ ਛੱਡ ਗਏ ਹਨ ਗੁਰਪ੍ਰੀਤ ਸਿੰਘ ਰਿੰਕੂ ਦੀ ਆਤਮਿਕ ਸਾਂਤੀ ਲਈ ਸਰਧਾਂਜਲੀ ਸਮਾਰੋਹ ਅਤੇ ਅੰਤਿਮ ਅਰਦਾਸ ਮਿਤੀ 24-5-2025-ਨੂੰ ਪਿੰਡ ਜਾਬੋਵਾਲ ਵਿਖੇ ਸਥਿਤ ਗੁਰਦੁਆਰਾ ਸੰਤਸਰ ਸਾਹਿਬ ਵਿਖੇ 1 ਵਜੇ ਹੋਵੇਗੀ 9 ਅਤੇ 11,30 ਤੋਂ 12,30 ਤੱਕ ਧੁਰ ਕੀ ਬਾਣੀ ਇਲਾਹੀ ਬਾਣੀ ਦੇ ਕੀਰਤਨ ਦਰਬਾਰ ਸੱਜਣਗੇ ਉਪਰੰਤ 1 ਵਜੇ ਪੂਰਨ ਸਮਾਪਤੀ ਹੋਵੇਗੀ 9 ਸਮੂਹ ਸਾਕਸਬੰਧੀਆਂ , ਸੱਜਣਾ ਮਿਤਰਾਂ,ਅਤੇ ਪੱਤਰਕਾਰ ਭਾਈਚਾਰੇ ਨੂੰ ਪਿਤਾ ਸਰਦਾਰ ਬਖ਼ਸ਼ੀਸ਼ ਸਿੰਘ,ਵੱਡਾ ਭਰਾ ਪੱਤਰਕਾਰ ਕੰਵਲਜੀਤ ਸਿੰਘ ਲਾਡੀ, ਗੁਰਚਰਨ ਸਿੰਘ ਬਿੱਟੂ, ਬਲਵਿੰਦਰ ਸਿੰਘ, ਵੱਲੋਂ ਬੇਨਤੀ ਹੈ ਕਿ ਗੁਰਪ੍ਰੀਤ ਸਿੰਘ ਰਿੰਕੂ ਦੀ ਅੰਤਿਮ ਅਰਦਾਸ ਵਿੱਚ ਸਮੇਂ ਸਿਰ ਸ਼ਾਮਿਲ ਹੋਣ ਦੀ ਕਿਰਪਾਲਤਾ ਕਰਨੀ ਜੀ।

# ਮਨਮੀਤ ਕੌਰ ਨਾਥ ਦੀ ਖੂੰਹੀ ਪੜਕੇ ਡਾਕਟਰ ਬਣ ਕੇ ਸਮਾਜ ਦੀ ਸੇਵਾ ਕਰਾਂਗੀ



**ਚੌਕ ਮਹਿਤਾ, 18 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਦੀ ਭਤੀਜੀ, ਗੁਰਚਰਨ ਸਿੰਘ ਨਾਥ ਦੀ ਖੂੰਹੀ ਦੀ ਸਪੁੱਤਰੀ ਮਨਮੀਤ ਕੌਰ ਸ੍ਰੀ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂੰਹੀ ਚੰਨਣਕੇ ਦੀ ਵਿਦਿਆਰਥਣ ਨੇ ਦਸਵੀਂ ਕਲਾਸ ਦੇ ਨਤੀਜੀਆਂ ਵਿੱਚ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੋਸਨ ਕੀਤਾ। ਉਸ ਨੇ 650 ਅੰਕਾ ਵਿੱਚੋਂ 614 ਅੰਕ ਪ੍ਰਾਪਤ ਕੀਤੇ ਹਨ। ਮਨਮੀਤ ਕੌਰ ਦਾ ਕਹਿਣਾ ਹੈ ਕਿ ਮੈ ਪੜ ਕੇ ਡਾਕਟਰ ਬਨਣਾ ਚਾਹੁੰਦੀ ਹਾ ਅਤੇ ਸਮਾਜ ਦੀ ਸੇਵਾ ਕਰਾਂਗੀ।

# ਫਿਲੌਰ 'ਚ ਪੰਥਕ ਅਕਾਲੀ ਦਸਮੇਸ਼ ਆਰਮੀ ਤਰਨਾਦਲ ਦੀ ਮੀਟਿੰਗ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਸਬੰਧੀ ਅਹਿਮ ਫੈਸਲੇ ਲਏ ਗਏ : ਸੈਕਟਰੀ ਗੁਰਮੀਤ ਸਿੰਘ



**ਜੰਡਿਆਲਾ ਗੁਰੂ, 18 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਸਿੱਖ ਗੁਰੂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆ ਰਹੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਅਹਿਮ ਮੀਟਿੰਗ ਪੰਥਕ ਅਕਾਲੀ ਦਸਮੇਸ਼ ਤਰਨਦਲ ਦੇ ਹੈੱਡ ਕੁਆਰਟਰ ਫਿਲੌਰ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਵੱਖ ਵੱਖ ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਸਾਹਿਬਾਨਾਂ ਨੇ ਹਾਜ਼ਰੀ ਲਵਾਈ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਉੱਚ ਪੱਧਰੀ ਮਨਾਉਣ ਲਈ ਕਈ ਅਹਿਮ ਫੈਸਲੇ ਲਏ ਗਏ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ ਉਹਨਾਂ ਭਾਈ ਖਾਲਸਾ ਨੇ ਦੱਸਿਆ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਨੌਵੀਂ ਪਾਤਸ਼ਾਹੀ ਦੇ ਸੀਸ ਭੇਟ ਨਗਰ ਕੀਰਤਨ ਜੋ ਦਿੱਲੀ ਤੋਂ ਅਨੰਦਪੁਰ ਸਾਹਿਬ ਵਿਖੇ ਆਉਂਦਾ ਹੈ ਵਿੱਚ ਇਸ ਵਾਰ ਲੱਖਾਂ ਸ਼ਰਧਾਲੂਆਂ ਨੂੰ ਸ਼ਾਮਲ ਕਰਨ ਅਤੇ 350 ਸਾਲਾਂ ਨੂੰ ਸਮਰਪਿਤ ਪਿੰਡ ਤੇ ਸ਼ਹਿਰਾਂ 'ਚ ਲੋਕਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਤੇ ਸ਼ਹਾਦਤ ਸਬੰਧੀ ਜਾਗਰੂਕ ਕਰਨ ਲਈ ਸਿੱਖੀ ਪ੍ਰਚਾਰ ਲਹਿਰ ਚਲਾਉਣ ਦਾ ਵਿਸ਼ੇਸ਼ ਫੈਸਲਾ ਲਿਆ ਗਿਆ, ਭਾਈ ਖਾਲਸਾ ਨੇ ਦੱਸਿਆ ਮੀਟਿੰਗ ਵਿੱਚ ਇੰਦਰਜੀਤ ਸਿੰਘ ਕਨੇਡਾ ਵਾਲੇ , ਬਿਕਰਮਜੀਤ ਸਿੰਘ ਸਾਬਕਾ ਇੰਨਸਪੈਕਟਰ, ਸ੍ਰ ਅਮਰਜੀਤ ਸਿੰਘ ਸਾਬਕਾ ਐਮ ਐਲ ਏ, ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ,ਭਾਈ ਗੁਰਦਿੱਤ ਸਿੰਘ ਫਿਲੋਰ, ਸ੍ਰ ਜਗਦੀਪ ਸਿੰਘ, ਗੁਰਦੀਪ ਸਿੰਘ, ਸ੍ਰ ਸੰਦੀਪ ਸਿੰਘ ਦੀਪਾ ਫਿਲੌਰ, ਸ੍ਰ ਹਰਦੀਪ ਸਿੰਘ, ਲਵਦੀਪ ਸਿੰਘ, ਜਥੇਦਾਰ ਜਗੀਰ ਸਿੰਘ, ਮਨਜੀਤ ਸਿੰਘ ਸਬ ਇੰਸਪੈਕਟਰ, ਸ੍ਰ ਸੁੱਖਾ ਸਿੰਘ,ਗੁਰਬਾਜ ਸਿੰਘ,ਅਮਰੀਕ ਸਿੰਘ ਤੋਂ ਇਲਾਵਾ ਕਈ ਹਾਜ਼ਰ ਸਨ, ਇਸ ਮੌਕੇ ਪੰਥਕ ਅਕਾਲੀ ਦਸਮੇਸ਼ ਆਰਮੀ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਗੁਰਮੀਤ ਸਿੰਘ ਫਿਲੌਰ ਨੇ ਸਮੂਹ ਆਗੂਆਂ ਦਾ ਧੰਨਵਾਦ ਕੀਤਾ ਅਤੇ ਨੌਵੇਂ ਪਾਤਸ਼ਾਹ ਦੇ ਸਾਡੇ ਤਿੰਨ ਸੌ ਸਾਲਾਂ ਸ਼ਹੀਦੀ ਸ਼ਤਾਬਦੀ ਸਬੰਧੀ ਸਿੱਖੀ ਪ੍ਰਚਾਰ ਕਰਨ ਲਈ ਦਿੱਨ ਰਾਤ ਇੱਕ ਕਰਨ ਦੀ ਹਦਾਇਤ ਕੀਤੀ, ਇਸ ਮੌਕੇ ਤੇ ਨਿਹੰਗ ਸਿੰਘਾਂ ਦੀ ਮਰਯਾਦਾ ਅਨੁਸਾਰ ਤਿਲਕ ਵੀ ਲਾਇਆ ਗਿਆ ਅਤੇ ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਗਏ।

## ਗੁਰਦੁਆਰਾ ਸਿੰਘਾਂ ਸ਼ਹੀਦਾਂ ਆਲੋਵਾਲ ਵਿਖੇ

# ਤੀਜੇ ਪਾਤਸ਼ਾਹ ਸ੍ਰੀ ਅਮਰਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ







**ਜੰਡਿਆਲਾ ਗੁਰੂ 18 ਮਈ ( ਕੁਲਵੰਤ ਸਿੰਘ ਵਿਰਦੀ )**-ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਬਾਬਾ ਜਰਨੈਲ ਸਿੰਘ ਜੀ ਅੱਲੋਵਾਲ ਨੰਗਲ ਬੇਟ ਫਿਲੌਰ ਲੁਧਿਆਣਾ ਵਿਖੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 14 ਅਖੰਡ ਸਾਹਿਬ,ਦੋ ਸੰਪਟ,ਇੱਕ ਸਹਿਜ ਪਾਠ ਸਮੇਤ ਜਪੁਜੀ ਸਾਹਿਬ ਟੋਟਲ 18 ਅਖੰਡ ਪਾਠਾਂ ਦੇ ਭੋਗ ਤੋਂ ਉਪਰੰਤ ਧਾਰਮਿਕ ਸਮਾਗਮ ਕਰਵਾਏ ਗਏ ,ਜਿਸ ਵਿਚ ਪੰਥ ਦੇ ਨਾਮਵਰ ਧਾਰਮਿਕ ਬੁਲਾਰਿਆਂ ਨੇ ਜਿਥੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਇਤਿਹਾਸ ਤੋਂ ਇਲਾਵਾ ਸੰਗਤਾਂ ਨੂੰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਸਿੱਖੀ ਦੇ ਸੁਨਹਿਰੀ ਵਿਰਸੇ ਇਤਿਹਾਸ ਨਾਲ ਜੋੜਿਆ,ਅਖੰਡ ਪਾਠ ਸਾਹਿਬ ਸ਼ਰਧਾਲੂਆਂ,ਧਾਰਮਿਕ ਬੁਲਾਰਿਆਂ ਤੇ ਹੋਰ ਪੰਥਕ ਸ਼ਖਸ਼ੀਅਤਾਂ ਦਾ ਸਨਮਾਨ ਸਮਾਗਮ ਦੇ ਮੁੱਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ ਵੱਲੋਂ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਸਬੰਧੀ ਪ੍ਰੈਸ ਨੂੰ ਮੁਕੰਮਲ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਗਮ ਦੀਆਂ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ ,ਉਹਨਾਂ ਭਾਈ ਖਾਲਸਾ ਨੇ ਦੱਸਿਆ ਸਮਾਗਮ ਦੇ ਸਬੰਧ ਵਿੱਚ ਪਰਸੋਂ ਦੇ ਰੋਜ਼ ਤੋਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦੇ ਰੱਖੇ 18 ਅਖੰਡ ਪਾਠਾਂ ਦੇ ਭੋਗ ਅਰਦਾਸ ਅਤੇ ਪਾਵਨ ਪਵਿੱਤਰ ਹੁਕਮ ਨਾਮੇ ਦੀ ਸ਼ਬਦ ਵਿਚਾਰ ਕਥਾ ਸੰਤ ਸੁਖਵਿੰਦਰ ਸਿੰਘ ਵੱਲੋਂ ਸ੍ਰਵਣ ਕਰਵਾਈ ਗਈ ਅਤੇ ਹਜੂਰੀ ਰਾਗੀ ਗੁਰਦੁਆਰਾ ਸਾਹਿਬ ਭਾਈ ਰਵਿਦਰ ਸਿੰਘ ਤੇ ਭਾਈ ਰਿੰਕੂ ਤੇ ਭਾਈ ਕਰਮ ਸਿੰਘ ਜਲੰਧਰ ਵਾਲਿਆਂ ਦੇ ਕੀਰਤਨੀ ਜਥਿਆਂ ਵੱਲੋਂ ਅੰਮ੍ਰਿਤ ਮਈ ਗੁਰਬਾਣੀ ਦੇ ਕੀਰਤਨ ਰਾਹੀਂ ਹਾਜ਼ਰੀ ਲਵਾਈ ਗਈ ਅਤੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ, ਭਾਈ ਖਾਲਸਾ ਨੇ ਦੱਸਿਆ ਧਾਰਮਿਕ ਸਮਾਗਮ ਵਿੱਚ ਅੱਧੀ ਦਰਜਨ ਤੋਂ ਵੱਧ ਰਾਗੀ ਢਾਡੀ ਕਵੀਸ਼ਰ ਪ੍ਰਚਾਰਕਾਂ ਤੇ ਕਥਾਵਾਚਕਾ ਤੋਂ ਇਲਾਵਾ ਕਈ ਸੰਤਾਂ ਨੇ ਵੀ ਹਾਜ਼ਰੀ ਲਵਾਈ ਅਤੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ, ਇਸ ਮੌਕੇ ਤੇ ਬੋਲਦਿਆਂ ਸੰਤ ਸੁਖਵਿੰਦਰ ਸਿੰਘ ਜੀ ਨੇ ਜਿਥੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਤੇ ਚਾਨਣਾ ਪਾਉਂਦਿਆਂ ਸਪੱਸ਼ਟ ਕੀਤਾ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਸਮੂਹ ਸਿੱਖ ਗੁਰੂ ਸਾਹਿਬਾਨਾਂ ਤੋਂ ਵਡੇਰੀ ਉਮਰ ਵਿਚ ਗੁਰੂ ਨਾਨਕ ਸਾਹਿਬ ਦੀ ਗੁਰਗੱਦੀ ਦੇ ਤੀਜੇ ਵਾਰਸ਼ ਬਣੇ,ਸੰਤ ਸੁਖਵਿੰਦਰ ਸਿੰਘ ਜੀ ਨੇ ਦੱਸਿਆ ਉਨ੍ਹਾਂ ਨੇ 12 ਸਾਲ ਗੋਇੰਦਵਾਲ ਸਾਹਿਬ ਤੋਂ ਜਲ ਦੀ ਗਾਗਰ ਲਿਆ ਕੇ ਖੰਡੂਰ ਸਾਹਿਬ ਵਿਖੇ ਰਿਸ਼ਤੇ'ਚ ਲੱਗਦੇ ਆਪਣੇ ਕੁੜਮ ਗੁਰੂ ਅੰਗਦ ਦੇਵ ਮਹਾਰਾਜ ਜੀ ਦੀ ਇਸ਼ਨਾਨ ਸੇਵਾ ਕਰਵਾਈ ਤੇ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਬਣ ਗਏ, ਭਾਈ ਖਾਲਸਾ ਨੇ ਦੱਸਿਆ ਗੁਰੂ ਅਮਰਦਾਸ ਮਹਾਰਾਜ ਜੀ ਨੇ ਲੰਮੇ ਸਮੇਂ ਤੋਂ ਚਲੀ ਆ ਰਹੀ ਸਤੀ ਦੀ ਰਸਮ ਨੂੰ ਮੁੱਢੋਂ ਹੀ ਰੱਦ ਕਰਦਿਆਂ ਸੰਗਤਾਂ ਨੂੰ ਭਾਣੇ ਨਾਲ਼ ਜੋੜਿਆ, ਇਸ ਮੌਕੇ ਤੇ ਬੋਲਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਪੱਸ਼ਟ ਕੀਤਾ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਆਪਣੇ ਪੁੱਤਰਾਂ ਨੂੰ ਪਾਸੇ ਕਰਦਿਆਂ ਘਾਲ ਕਮਾਈ ਤੇ ਸੇਵਾ ਦੇ ਧਨੀ ਗੁਰੂ ਅਮਰਦਾਸ ਮਹਾਰਾਜ ਜੀ ਨੂੰ ਗੁਰੂ ਨਾਨਕ ਦੀ ਗੱਦੀ ਦੇ ਤੀਜੇ ਵਾਰਸ਼ ਬਣਾ ਦਿੱਤਾ,ਭਾਈ ਖਾਲਸਾ ਨੇ ਦੱਸਿਆ ਗੁਰੂ ਅਮਰਦਾਸ ਮਹਾਰਾਜ ਜੀ ਪਵਿੱਤਰ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਇਸ ਮੌਕੇ ਤੇ ਸਮੂਹ ਅਖੰਡ ਪਾਠ ਸ਼ਰਧਾਲੂਆਂ, ਧਾਰਮਿਕ ਬੁਲਾਰਿਆ, ਸੰਤਾਂ ਮਹਾਪੁਰਸ਼ਾਂ ਤੋਂ ਇਲਾਵਾ ਕਈ ਸਨਮਾਨ ਯੋਗ ਹਸਤੀਆਂ ਦਾ ਸਨਮਾਨ ਮੁੱਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ, ਡਾਕਟਰ ਅਮਰਜੋਤ ਸਿੰਘ ਸੰਧੂ ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਖਾਲਸਾ ਤੇ ਕਾਰੋਬਾਰੀ ਗਰੇਵਾਲ ਲੁਧਿਆਣਾ ਆਦਿ ਵੱਲੋਂ ਸਾਂਝੇ ਤੌਰ ਤੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਭਾਈ ਰਵਿੰਦਰ ਸਿੰਘ, ਬਾਬਾ ਦਾਰਾ ਸਿੰਘ, ਭਾਈ ਰਿੰਕੂ ਆਦਿ ਹਾਜ਼ਰ ਸਨ, ਗੁਰੂ ਕੇ ਲੰਗਰ ਦੀ ਸੇਵਾ ਬੀਬੀ ਕਰਮਜੀਤ ਕੌਰ ਸੰਧੂ ਦੀ ਅਗਵਾਈ ਹੇਠ ਦੋ ਦਰਜਨ ਤੋਂ ਵੱਧ ਬੀਬੀਆਂ ਨੇ ਬਾਖੂਬੀ ਨਾਲ ਨਿਭਾਈ ਤੇ ਸਭਨਾਂ ਨੇ ਗੁਰ ਮਰਯਾਦਾ ਅਨੁਸਾਰ ਲੰਗਰ ਦੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆਂ।

### 18 ਸ੍ਰੀ ਆਖੰਡ ਪਾਠਾਂ ਦਾ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸਜਾਏ : ਸੰਤ ਸੁਖਵਿੰਦਰ ਸਿੰਘ ਜੀ

# ਪਿੰਡ ਮਾਣੂੰਕੇ ਵਿਖੇ ਮਰਹੂਮ ਚੌਧਰੀ ਬੂਟਾ ਸਿੰਘ ਮਾਣੂੰਕੇ ਦੀ ਯਾਦ ਵਿੱਚ ਤਾਸ਼ ਸੀਪ ਦਾ ਟੂਰਨਾਮੈਂਟ ਕਰਵਾਇਆ

## ਜੇਤੂ ਟੀਮਾਂ ਨੂੰ ਨਗਦ ਇਨਾਮ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਕੀਤਾ ਸਨਮਾਨਿਤ







**ਜਗਰਾਉਂ, (ਵਰਿਆਮ ਹਠੂਰ)**-ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਾਣੂੰਕੇ ਸੰਧੂ ਵਿਖੇ ਪੰਚਾਇਤ ਮੈਂਬਰ ਸਾਧੂ ਸਿੰਘ ਮਾਣੂੰਕੇ ਅਤੇ ਟਰੱਕ ਯੂਨੀਅਨ ਹਠੂਰ ਦੇ ਮੈਂਬਰ ਪਿੰਦਰ ਸਿੰਘ ਮਾਣੂੰਕੇ ਦੇ ਕੀਤੇ ਉਪਰਾਲੇ ਸਦਕਾ ਮਰਹੂਮ ਚੌਧਰੀ ਬੂਟਾ ਸਿੰਘ ਮਾਣੂੰਕੇ ਦੀ ਨਿੱਘੀ ਪਿਆਰੀ ਯਾਦ ਵਿੱਚ ਸੁਪਰ ਕਿੰਗ ਤਾਸ਼ ਸੀਪ ਕਮੇਟੀ ਵੱਲੋਂ ਤਾਸ਼ ਸੀਪ ਦਾ ਟੂਰਨਾਮੈਂਟ ਕਰਵਾਇਆ ਗਿਆ, ਟੂਰਨਾਮੈਂਟ ਵਿੱਚ ਤਕਰੀਬਨ 80 ਟੀਮਾਂ ਨੇ ਹਿੱਸਾ ਲਿਆ, ਰੀਬਨ ਕੱਟਣ ਦੀ ਰਸਮ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ ਨੇ ਤਾੜੀਆਂ ਦੀ ਗੂੰਜ ਵਿੱਚ ਨਿਭਾਈ, ਪੰਚਾਇਤ ਮੈਂਬਰ ਸਾਧੂ ਸਿੰਘ ਮਾਣੂੰਕੇ ਅਤੇ ਟਰੱਕ ਯੂਨੀਅਨ ਹਠੂਰ ਦੇ ਮੈਂਬਰ ਪਿੰਦਰ ਸਿੰਘ ਮਾਣੂੰਕੇ ਨੇ ਪੁੱਜੀਆਂ ਟੀਮਾਂ ਅਤੇ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ, ਤੇ ਖਾਣ ਪੀਣ ਦੇ ਨਾਲ ਨਾਲ ਹੋਰ ਢੁਕਵੇਂ ਪ੍ਰਬੰਧ ਕੀਤੇ ਗਏ, ਤੇ ਦੇਰ ਸ਼ਾਮ ਤੱਕ ਤਾਸ਼ ਸੀਪ ਦੇ ਸ਼ਾਨਦਾਰ ਮੁਕਾਬਲੇ ਹੋਏ, ਤੇ ਜੇਤੂ ਟੀਮਾਂ ਨੂੰ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਮਾਤਾ ਚਿੰਤ ਕੌਰ ਮਾਣੂੰਕੇ, ਪੰਚਾਇਤ ਮੈਂਬਰ ਸਾਧੂ ਸਿੰਘ ਮਾਣੂੰਕੇ, ਟਰੱਕ ਯੂਨੀਅਨ ਹਠੂਰ ਦੇ ਮੈਂਬਰ ਪਿੰਦਰ ਸਿੰਘ ਮਾਣੂੰਕੇ ਸਮੇਤ ਪੁੱਜੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਨਗਦ ਇਨਾਮ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ, ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ ਨੇ ਕਿਹਾ ਕਿ ਮਰਹੂਮ ਚੌਧਰੀ ਬੂਟਾ ਸਿੰਘ ਮਾਣੂੰਕੇ ਦੀ ਯਾਦ ਵਿੱਚ ਕਰਵਾਇਆ ਤਾਸ਼ ਸੀਪ ਦਾ ਟੂਰਨਾਮੈਂਟ ਇੱਕ ਸ਼ਲਾਘਾਯੋਗ ਕਦਮ ਹੈ। ਇਸ ਦੁਆਰਾ ਜਿੱਥੇ ਆਪਸੀ ਭਾਈਚਾਰਕ ਸਾਂਝ ਵਧੇਗੀ, ਉੱਥੇ ਭੈੜੇ ਘਾਤਕ ਨਸ਼ਿਆਂ ਤੋਂ ਵੀ ਬਚਿਆ ਜਾ ਸਕੇਗਾ, ਉਨ੍ਹਾਂ ਕਿਹਾ ਕਿ ਤਾਸ਼ ਸੀਪ ਪੰਜਾਬ ਵਿੱਚ ਪੁਰਾਣੇ ਬਜ਼ੁਰਗਾਂ ਦੇ ਸਮੇਂ ਤੋਂ ਹੀ ਖੇਡੀ ਜਾਂਦੀ ਰਹੀ ਹੈ। ਤੇ ਸਾਡੇ ਪਿੰਡ ਮਾਣੂੰਕੇ ਵਿੱਚ ਪੰਚਾਇਤ ਮੈਂਬਰ ਸਾਧੂ ਸਿੰਘ ਮਾਣੂੰਕੇ ਅਤੇ ਪਿੰਦਰ ਸਿੰਘ ਮਾਣੂੰਕੇ ਵੱਲੋਂ ਸੁਪਰ ਕਿੰਗ ਤਾਸ਼ ਸੀਪ ਕਮੇਟੀ ਨਾਲ ਮਿਲਕੇ ਜੋ ਤਾਸ਼ ਸੀਪ ਦਾ ਪਹਿਲਾ ਟੂਰਨਾਮੈਂਟ ਕਰਵਾਇਆ ਹੈ। ਇਸ ਲਈ ਇੰਨ੍ਹਾਂ ਨੂੰ ਪੰਚਾਇਤ ਵੱਲੋਂ ਵਧਾਈ ਦਿੰਦੇ ਹਾਂ, ਅੰਤ ਵਿੱਚ ਉਨ੍ਹਾਂ ਕਿਹਾ ਕਿ ਟੂਰਨਾਮੈਂਟ ਜ਼ਰੀਏ ਸਵ: ਚੌਧਰੀ ਬੂਟਾ ਸਿੰਘ ਮਾਣੂੰਕੇ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ ਹੈ। ਇਸ ਮੌਕੇ ਪ੍ਰਧਾਨ ਸੁਖਚੈਨ ਸਿੰਘ ਢਿੱਲੋਂ ਤਖਾਣਵੱਧ, ਕਲਰਕ ਮਹਿੰਦਰ ਸਿੰਘ ਕੁੱਸਾ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ ਤੇ ਚੌਧਰੀ ਬੂਟਾ ਸਿੰਘ ਮਾਣੂੰਕੇ ਦੀ ਯਾਦ ਵਿੱਚ ਕਰਵਾਏ ਤਾਸ਼ ਸੀਪ ਦੇ ਟੂਰਨਾਮੈਂਟ ਦੀ ਸ਼ਲਾਘਾ ਕੀਤੀ, ਇਸ ਮੌਕੇ ਪ੍ਰਬੰਧਕਾਂ ਵੱਲੋਂ ਪ੍ਰਧਾਨ ਸੁਖਚੈਨ ਸਿੰਘ ਢਿੱਲੋਂ ਤਖਾਣਵੱਧ, ਪ੍ਰਧਾਨ ਹਰਵਿੰਦਰ ਸਿੰਘ ਛੱਜਾਵਾਲ, ਕਲਰਕ ਮਹਿੰਦਰ ਸਿੰਘ ਕੁੱਸਾ, ਕੈਸ਼ੀਅਰ ਗੁਰਦੀਪ ਸਿੰਘ ਗਾਲਿਬ, ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਮਾਤਾ ਚਿੰਤ ਕੌਰ ਮਾਣੂੰਕੇ ਨੂੰ ਵਿਸ਼ੇਸ਼ ਤੌਰ ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ, ਅੰਤ ਵਿੱਚ ਪੰਚਾਇਤ ਮੈਂਬਰ ਸਾਧੂ ਸਿੰਘ ਮਾਣੂੰਕੇ ਅਤੇ ਟਰੱਕ ਯੂਨੀਅਨ ਹਠੂਰ ਦੇ ਮੈਂਬਰ ਪਿੰਦਰ ਸਿੰਘ ਮਾਣੂੰਕੇ ਨੇ ਪੁੱਜੀਆਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ, ਟੀਮਾਂ , ਦਰਸ਼ਕਾਂ, ਗ੍ਰਾਮ ਪੰਚਾਇਤ ਮਾਣੂੰਕੇ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

# ਟੋਕਸੋਪਲਾਸਮੋਸਿਸ ਦੇ ਖਤਰਿਆਂ ਅਤੇ ਰੋਕਥਾਮ ਨੂੰ ਸਮਝਣਾ

**ਟੋਕਸੋਪਲਾਸਮੋਸਿਸ**, ਟੋਕਸੋਪਲਾਸਮਾ ਗੋਂਡੀ ਪੈਰਾਸਾਈਟ ਦੁਆਰਾ ਹੋਣ ਵਾਲੀ ਬਿਮਾਰੀ ਹੈ। ਇਹ ਬਿਮਾਰੀ ਸਿਹਤ ਅਧਿਕਾਰੀਆਂ ਅਤੇ ਖੋਜਕਾਰਾਂ ਦੀ ਖਿੱਚ ਦਾ ਕੇਂਦਰ ਬਣ ਰਹੀ ਹੈ ਕਿਉਂਕਿ ਇਸ ਦੇ ਸੰਭਾਵਿਤ ਸਿਹਤ ਖਤਰਿਆਂ ਨੇ ਵੱਖ-ਵੱਖ ਆਬਾਦੀਆਂ ਵਿੱਚ ਇਸ ਦੀ ਵਿਸ਼ਾਲਤਾ ਨਾਲ ਫੈਲਣ ਦੀ ਦਰ ਨੇ ਚਿੰਤਾ ਪੈਦਾ ਕੀਤੀ ਹੈ। ਸਿਹਤ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਬਹੁਤ ਵੱਡੀ ਗਿਣਤੀ ਵਿੱਚ ਲੋਕ ਇਸ ਪੈਰਾਸਾਈਟ ਨਾਲ ਸੰਕਰਮਿਤ ਹੋ ਸਕਦੇ ਹਨ ਕਿਉਂਕਿ ਬਹੁਤ ਸਾਰੇ ਲੋਕ ਇਸ ਬਾਰੇ ਜਾਣਦੇ ਨਹੀਂ ਹਨ। ਜ਼ਿਆਦਾਤਰ ਸਿਹਤਮੰਦ ਵਿਅਕਤੀ ਨੂੰ ਹਲਕੇ ਜਾਂ ਕੋਈ ਲੱਛਣ ਨਹੀਂ ਮਹਿਸੂਸ ਕਰਦੇ। ਹਾਲਾਂਕਿ ਕੁਝ ਨਾਜ਼ੁਕ ਸਮੂਹਾਂ ਲਈ ਇਸ ਦੇ ਪ੍ਰਭਾਵ ਮਹੱਤਵਪੂਰਣ ਹਨ ਅਤੇ ਇਹ ਜਨਤਾ ਦੀ ਜਾਣਕਾਰੀ ਲਈ ਜ਼ਰੂਰੀ ਹੈ।

**ਟੋਕਸੋਪਲਾਸਮੋਸਿਸ ਕੀ ਹੈ ?**

ਟੋਕਸੋਪਲਾਸਮੋਸਿਸ ਮੁੱਖ ਤੌਰ 'ਤੇ ਬਿੱਲੀਆਂ ਦੇ ਮੂਤਰ ਨਾਲ ਸੰਪਰਕ, ਅਧੂਰੇ ਪੱਕੇ ਮਾਸ ਦੇ ਖਾਣੇ ਜਾਂ ਗੰਦਗੀ ਵਾਲੇ ਪਾਣੀ ਅਤੇ ਮਿੱਟੀ ਦੁਆਰਾ ਪ੍ਰਸਾਰਿਤ ਹੁੰਦੀ ਹੈ। ਟੋਕਸੋਪਲਾਸਮਾ ਗੋਂਡੀ ਪੈਰਾਸਾਈਟ ਮਾਂ ਤੋਂ ਭ੍ਰੂਣ ਤੱਕ ਗਰਭਵਤੀ ਔਰਤਾਂ ਵਿੱਚ ਵੀ ਪ੍ਰਸਾਰਿਤ ਹੋ ਸਕਦੀ ਹੈ ਜੋ ਕਿ ਅਣ ਜਨਮੇ ਬੱਚਿਆਂ ਲਈ ਗੰਭੀਰ ਖਤਰਿਆਂ ਦਾ ਕਾਰਨ ਬਣ ਸਕਦੀ ਹੈ।

ਸਿਹਤਮੰਦ ਵਿਅਕਤੀਆਂ ਵਿੱਚ ਸੰਕਰਮਣ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਾਂ ਫਲੂ-ਜਿਹੇ ਲੱਛਣਾਂ ਜਿਵੇਂ ਕਿ ਥਕਾਵਟ, ਮਾਸਪੇਸ਼ੀਆਂ ਦੇ ਦਰਦ ਅਤੇ ਬੁਖਾਰ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਹਾਲਾਂਕਿ ਉਹਨਾਂ ਲਈ ਜੋ ਕਮਜ਼ੋਰ ਇਮਿਊਨ ਸਿਸਟਮ ਵਾਲੇ ਹਨ ਜਿਵੇਂ ਕਿ ਐਚਆਈਵੀ/ਏਡਜ਼ ਵਾਲੇ ਲੋਕ, ਅੰਗਾਂ ਦੇ ਅੰਤਰਗਤ ਪ੍ਰਾਪਤ ਕਰਨ ਵਾਲੇ ਜਾਂ ਗਰਭਵਤੀ ਔਰਤਾਂ ਵਿੱਚ ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ ਜਿਸ ਵਿੱਚ ਨਿਊਰੋਲੋਜੀਅਲ ਪੇਚੀਦਗੀਆਂ ਅਤੇ ਸੰਭਾਵਿਤ ਗਰਭਪਾਤ ਸ਼ਾਮਲ ਹਨ।

**ਹਾਲੀਆ ਵਿਕਾਸ**

ਹਾਲੀਆ ਅਧਿਐਨ ਦਿਖਾਉਂਦੇ ਹਨ ਕਿ ਗਰਭਵਤੀ ਔਰਤਾਂ ਵਿੱਚ ਟੋਕਸੋਪਲਾਸਮੋਸਿਸ ਨਾਲ ਸੰਬੰਧਿਤ ਪੇਚੀਦਗੀਆਂ ਦੇ ਮਾਮਲੇ ਵਿੱਚ ਚਿੰਤਾਜਨਕ ਵਾਧਾ ਹੋ ਰਿਹਾ ਹੈ। ਰਾਸ਼ਟਰਲ ਸਿਹਤ ਸੰਸਥਾਨ (ਐਨਆਈਐਚ) ਤੋਂ ਇੱਕ ਰਿਪੋਰਟ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਰਿਪੋਰਟ ਕੀਤੇ ਗਏ ਮਾਮਲੇ ਵਿੱਚ 15% ਵਾਧਾ ਦਰਸਾਇਆ ਗਿਆ ਹੈ ਜਿਸ ਨੇ ਵਧਦੀ ਜਾਣਕਾਰੀ ਅਤੇ ਰੋਕਥਾਮ ਉਪਰਾਲਿਆਂ ਦੀ ਲੋੜ ਨੂੰ ਜਨਮ ਦਿੱਤਾ ਹੈ।



ਵਿਸ਼ਵ ਪ੍ਰਸਿੱਧ ਡਾਕਟਰ ਸੰਕ੍ਰਾਮਕ ਬਿਮਾਰੀਆਂ ਦੀ ਵਿਸ਼ਾ ਮਾਹਰ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ: "ਬਹੁਤ ਸਾਰੇ ਲੋਕ ਇਹ ਨਹੀਂ ਜਾਣਦੇ ਕਿ ਉਹ ਖਤਰੇ ਵਿੱਚ ਹਨ। ਗਰਭਵਤੀ ਔਰਤਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਸਾਵਧਾਨ ਰਹਿਣ।"

**ਲੱਛਣ ਅਤੇ ਨਿਦਾਨ**

ਟੋਕਸੋਪਲਾਸਮੋਸਿਸ ਦੇ ਲੱਛਣ ਵੱਖ-ਵੱਖ ਹੋ ਸਕਦੇ ਹਨ। ਜਦੋਂ ਕਿ ਬਹੁਤ ਸਾਰੇ ਲੋਕ ਬਿਨਾਂ ਕਿਸੇ ਲੱਛਣ ਦੇ ਰਹਿੰਦੇ ਹਨ, ਕੁਝ ਨੂੰ ਸੋਜ ਜਾਂ ਲਿੰਫ ਨੋਡ, ਸਿਰਦਰਦ ਜਾਂ ਫਲੂ-ਜਿਹੇ ਲੱਛਣ ਮਹਿਸੂਸ ਕਰ ਸਕਦੇ ਹਨ। ਗੰਭੀਰ ਮਾਮਲਿਆਂ ਵਿੱਚ ਸੰਕਰਮਣ ਦਿਮਾਗ ਦੀ ਸੋਜ ਜਾਂ ਹੋਰ ਗੰਭੀਰ ਪੇਚੀਦਗੀਆਂ ਦਾ ਕਾਰਨ ਬਣ ਸਕਦੀ ਹੈ।

**ਨਿਦਾਨ**

ਆਮ ਤੌਰ 'ਤੇ ਪੈਰਾਸਾਈਟ ਵਿਰੁੱਧ ਐਂਟੀਬਾਡੀਜ਼ ਦਾ ਪਤਾ ਕਰਨ ਲਈ ਖੂਨ ਦੀਆਂ ਜਾਂਚਾਂ ਦੁਆਰਾ ਕੀਤਾ ਜਾਂਦਾ ਹੈ। ਕੁਝ ਮਾਮਲਿਆਂ ਵਿੱਚ ਕਿਸੇ ਵੀ ਨਿਊਰੋਲੋਜੀਅਲ ਪ੍ਰਭਾਵ ਦਾ ਅੰਦਾਜ਼ਾ ਲਗਾਉਣ ਲਈ ਇਮੇਜਿੰਗ ਅਧਿਐਨ ਜ਼ਰੂਰੀ ਹੋ ਸਕਦੇ ਹਨ।

**ਰੋਕਥਾਮ ਦੀਆਂ ਰਣਨੀਤੀਆਂ**

ਟੋਕਸੋਪਲਾਸਮੋਸਿਸ ਦੀ ਰੋਕਥਾਮ ਵਿੱਚ ਕੁਝ ਮੁੱਖ ਰਣਨੀਤੀਆਂ ਸ਼ਾਮਲ ਹਨ:

1. ਖਾਣੇ ਦੀ ਸੁਰੱਖਿਆ: ਮਾਸ ਨੂੰ ਸੁਰੱਖਿਅਤ ਤਾਪਮਾਨ 'ਤੇ ਪਕਾਇਆ ਜਾਵੇ ਅਤੇ ਕੱਚੇ ਮਾਸ ਨੂੰ ਸੰਭਾਲਣ ਤੋਂ ਬਾਅਦ ਆਪਣੇ ਹੱਥ ਚੰਗੀ ਤਰ੍ਹਾਂ ਧੋਤੇ ਜਾਣ।
2. ਸਫਾਈ ਦੇ ਅਮਲ: ਗਰਭਵਤੀ ਔਰਤਾਂ ਨੂੰ ਚਾਹੀਦਾ ਹੈ ਕਿ ਉਹ ਜੇ ਹੋ ਸਕੇ ਤਾਂ ਬਿੱਲੀਆਂ ਦੇ ਮੂਤਰ ਨੂੰ ਨਾ ਛੂਹਣ। ਜੇ ਇਹ ਜਰੂਰੀ ਹੋਵੇ, ਤਾਂ ਉਹਨਾਂ ਨੂੰ ਦਸਤਾਨੇ ਪਹਿਨਣੇ ਚਾਹੀਦੇ ਹਨ ਅਤੇ ਫਿਰ ਤੁਰੰਤ ਆਪਣੇ ਹੱਥ ਧੋਣੇ ਚਾਹੀਦੇ ਹਨ।
3. ਬਾਗਬਾਨੀ ਦੀਆਂ ਸਾਵਧਾਨੀਆਂ: ਬਾਗਬਾਨੀ ਕਰਨ ਵੇਲੇ ਦਸਤਾਨੇ ਪਹਿਨੋ ਅਤੇ ਫਲ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋਵੋ।
4. ਜਨਤਾ ਦੀ ਜਾਣਕਾਰੀ ਮੁਹਿੰਮਾਂ: ਸਿਹਤ ਸੰਸਥਾਵਾਂ ਨੂੰ ਟੋਕਸੋਪਲਾਸਮੋਸਿਸ ਬਾਰੇ ਜਾਣਕਾਰੀ ਫੈਲਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਖਾਸ ਕਰਕੇ ਖਤਰੇ ਵਾਲੇ ਸਮੂਹਾਂ ਵਿਚ।

ਆਧੁਨਿਕ ਖੋਜ ਟੋਕਸੋਪਲਾਸਮੋਸਿਸ ਦੇ ਜਨਤਾ ਦੀ ਸਿਹਤ 'ਤੇ ਪ੍ਰਭਾਵ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ । ਇਹ ਜ਼ਰੂਰੀ ਹੈ ਕਿ ਵਿਅਕਤੀ ਜਾਣਕਾਰੀ ਪ੍ਰਾਪਤ ਕਰਦੇ ਰਹਿਣ ਅਤੇ ਰੋਕਥਾਮ ਦੇ ਢੰਗ ਤੇ ਸਾਧਨ ਅਪਣਾਉਂਦੇ ਰਹਿਣ। ਠੀਕ ਸਿੱਖਿਆ ਅਤੇ ਸਫਾਈ ਦੇ ਅਮਲਾਂ ਨਾਲ ਇਸ ਆਮ ਪਰੰਤੂ ਅਕਸਰ ਨਜ਼ਰਅੰਦਾਜ਼ ਕੀਤੇ ਜਾਣ ਵਾਲੇ ਪੈਰਾਸਾਈਟ ਨਾਲ ਸੰਬੰਧਿਤ ਖਤਰਿਆਂ ਨੂੰ ਮਹੱਤਵਪੂਰਣ ਤੌਰ 'ਤੇ ਘਟਾਇਆ ਜਾ ਸਕਦਾ ਹੈ।

**-ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ**

ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਆਲੂਵਾਲੀਆ ਦੇ ਜਨਮ ਦਿਹਾੜੇ 'ਤੇ

# ਰੁੱਖ ਵੰਡੇ ਤੇ ਲਗਾਏ ਗਏ ਤੇ ਖ਼ੂਨਦਾਨ ਕੈਂਪ ਲਗਾਇਆ ਗਿਆ : ਸੋਨੂੰ ਜੰਡਿਆਲਾ





**ਜੰਡਿਆਲਾ ਗੁਰੂ, 18 ਮਈ ( ਕੁਲਵੰਤ ਸਿੰਘ ਵਿਰਦੀ )**-ਖ਼ੂਨਦਾਨ ਜੀਵਨ ਦਾਨ ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਰੁੱਖ ਵੰਡੇ ਗਏ ਤੇ ਲਗਾਏ ਗਏ ਤੇ ਵਿਸ਼ੇਸ਼ ਤੌਰ ਤੇ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਅਨੇਕਾਂ ਲੋਕਾਂ ਨੇ ਖ਼ੂਨਦਾਨ ਕੀਤਾ ਤੇ ਉਸ ਮਹਾਨ ਜਰਨੈਲ ਨੂੰ ਯਾਦ ਕੀਤਾ ਜਿਸ ਦਾ ਅਸੀਂ ਕਦੇ ਦੇਣ ਨਹੀਂ ਦੇ ਸਕਦੇ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਉੱਗੇ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਸਿੱਖ ਕੌਮ ਦਾ ਇੱਕੋ ਇੱਕ ਮਹਾਨ ਐਸਾ ਯੋਧਾ ਹੈ ਜਿਸਦੇ ਨਾਮ ਨਾਲ ਸੁਲਤਾਨ ਲੱਗਦਾ ਹੈ ਉਹ ਹੈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਸਾਡਾ ਸਾਰਿਆਂ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਯੋਧਿਆਂ ਜਰਨੈਲਾਂ ਨੂੰ ਯਾਦ ਰੱਖੀਏ ਤੇ ਉਹਨਾਂ ਦੇ ਦੱਸੇ ਹੋਏ ਮਾਰਗ ਤੇ ਚੱਲਣ ਦਾ ਯਤਨ ਕਰੀਏ ਸਾਨੂੰ ਮਾਣ ਹੈ ਕਿ ਸਿੱਖ ਕੌਮ ਵਿੱਚ ਐਸੇ ਮਹਾਨ ਯੋਧੇ ਹੋਏ ਨੇ ਜਿਨਾਂ ਨੇ ਆਪਣਾ ਜੀਵਨ ਹੀ ਮਨੁੱਖਤਾ ਤੋਂ ਕੁਰਬਾਨ ਕਰ ਦਿੱਤਾ ਆਖਰ ਵਿੱਚ ਉਹਨਾਂ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਆਪਣੇ ਯੋਧੇ ਜਰਨੈਲਾਂ ਦੇ ਜਨਮ ਦਿਹਾੜੇ ਤੇ ਬਰਸੀਆਂ ਮਨਾਉਣੀਆਂ ਚਾਹੀਦੀਆਂ ਨੇ ਤੇ ਆਪਣੇ ਬੱਚਿਆਂ ਨੂੰ ਇਨਾ ਜਰਨੈਲਾਂ ਬਾਰੇ ਦੱਸਣਾ ਚਾਹੀਦਾ ਹੈ ਜੋ ਕਿ ਆਉਣ ਵਾਲੀਆਂ ਸਾਡੀਆਂ ਪੀੜੀਆਂ ਨੂੰ ਮਾਣ ਹੋਵੇ ਸਾਡੇ ਏਡੀ ਵੱਡੀ ਵਿਰਾਸਤ ਤੇ ਇਤਿਹਾਸ ਤੇ ਇਸ ਮੌਕੇ ਤੇ ਹਾਜ਼ਰ ਸਰਬਜੀਤ ਸਿੰਘ ਸਕੱਤਰ ਸਿੰਘ ਜੋਬਨਜੀਤ ਸਿੰਘ ਜਸਪਾਲ ਸਿੰਘ ਦਿਲਬਾਗ ਸਿੰਘ ਨੰਜੀਤ ਸਿੰਘ ਰਣਜੀਤ ਸਿੰਘ ਅੰਮ੍ਰਿਤ ਪਾਲ ਸੋਨੀ ਆਦਿ ਹਾਜ਼ਰ ਸਨ।

ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ

# ਬਾਬਾ ਜ਼ੋਗਾ ਸਿੰਘ ਦੇ ਭੌਤਿਕ ਸਰੀਰ ਦਾ ਨਮ ਅੱਖਾਂ ਨਾਲ ਸੰਗਤਾਂ ਨੇ ਕੀਤਾ ਸੰਸਕਾਰ









ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਅਣਥੱਕ ਸੇਵਾਦਾਰ ਬਾਬਾ ਜ਼ੋਗਾ ਸਿੰਘ ਜ਼ੋ ਕਿ ਪਿੰਡ ਬਹਾਦਰ ਵਾਲਾ ਨੇੜੇ ਫਤਿਹਗੜ੍ਹ ਪੰਜਤੂਰ ਪਿਤਾ ਸਰਦਾਰ ਕਰਤਾਰ ਸਿੰਘ ਸਿਰਫ 8 ਸਾਲ ਦੇ ਸਨ, ਜਦ ਗੁਰਦੁਆਰਾ ਠਾਠ ਨਾਨਕਸਰ ਆਏ ਅਤੇ 35 ਸਾਲ ਸਤਿਕਾਰਯੋਗ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸੇਵਾ ਕੀਤੀ ਅਤੇ ਉਨ੍ਹਾਂ ਦੀ ਗੱਡੀ ਚਲਾਉਂਦੇ ਸੀ ਅਤੇ ਨਾਲ ਹੀ ਕੀਰਤਨ ਕਰਦੇ ਸਨ ਅਤੇ ਉਨ੍ਹਾਂ ਵਿਆਹ ਨਹੀਂ ਕਰਵਾਇਆ ਅਤੇ ਹਰ ਵੇਲੇ ਨਾਮ ਸਿਮਰਨ ਵਿਚ ਲੱਗੇ ਰਹਿੰਦੇ ਸੀ ਅਤੇ ਹਮੇਸ਼ਾ ਬਾਬਾ ਜੀ ਦੇ ਸੇਵਾ ਵਿਚ ਲੱਗੇ ਰਹਿੰਦੇ ਸਨ ਅਤੇ ਅਚਾਨਕ 16 ਮਈ ਨੂੰ ਕਰੀਬ 12 ਵਜੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਚਲੇ ਗਏ। ਬਾਬਾ ਜ਼ੋਗਾ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਇਲਾਕੇ ਦੀ ਸੰਗਤ ਨੇ ਨਮ ਅੱਖਾਂ ਨਾਲ ਅੱਜ 17 ਮਈ ਨੂੰ ਉਨ੍ਹਾਂ ਦਾ ਪੰਜ ਤਤਾਂ ਦਾ ਸਰੀਰ ਅਗਨ ਭੇਂਟ ਕੀਤਾ ਅਤੇ ਅਗਨੀ ਭੇਂਟ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਨਿਭਾਈ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਕਲੇਰਾਂ ਵਾਲੇ ਦੇ ਸੇਵਾਦਾਰ ਗੁਰਦੁਆਰਾ ਅਰਮਾਨਪੁਰਾ ਆਸਲ ਦੇ ਸੇਵਾਦਾਰ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਨੇ ਅੰਤਿਮ ਵਿਦਾਇਗੀ ਮੌਕੇ ਬਾਬਾ ਜ਼ੋਗਾ ਸਿੰਘ ਦੇ ਦਰਸ਼ਨ ਕੀਤੇ, ਸਾਰੀਆਂ ਸੰਗਤਾਂ ਦੀਆਂ ਅੱਖਾਂ ਨਮ ਸਨ। ਬਾਬਾ ਜ਼ੋਗਾ ਸਿੰਘ ਆਪਣੀ ਜਿੰਦਗੀ ਦੀਆਂ 45 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ—ਸਦਾ ਲਈ ਅਲਵਿਦਾ ਕਹਿ ਗਏ ਅਤੇ ਪਿਛੇ ਪਰਿਵਾਰ, ਰਿਸ਼ਤੇਦਾਰ, ਮਿੱਤਰ, ਸਾਕ ਸਬੰਧੀ ਅਤੇ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਛੱਡ ਗਏ। ਸਾਰੀ ਸੰਗਤ ਅਤੇ ਬਾਬਾ ਜ਼ੀ ਨੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਹੇ ਵਾਹਿਗੁਰੂ ਜੀ ਸੱਚੇ ਪਾਤਸ਼ਾਹ ਬਾਬਾ ਜ਼ੋਗਾ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਬਾਬਾ ਜ਼ੋਗਾ ਸਿੰਘ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 25 ਮਈ ਦਿਨ ਐਤਵਾਰ ਨੂੰ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਨੇੜੇ ਮਮਦੋਟ ਵਿਖੇ ਪਾਇਆ ਜਾਵੇਗਾ।

# ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਧਾਰਮਿਕ ਸਮਾਗਮ ਇਕ ਜੂਨ ਨੂੰ—ਭੁੱਲਰ



ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) :— ਵਿਸ਼ਵ ਭਾਈ ਮਰਦਾਨਾ ਕੀਰਤਨ ਦਰਬਾਰ ਸੋਸਾਇਟੀ ਵੱਲੋਂ 1 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਖਾਲਸਾ ਟੈਕਸ ਸਟਾਈਲਸ ਦੇ ਸੰਚਾਲਕ ਸ: ਬਲਕਾਰ ਸਿੰਘ ਖਾਲਸਾ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਤੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਇਕ ਜੂਨ ਨੂੰ ਸਵੇਰੇ 10 ਵਜੇ ਪ੍ਰੋਗਰਾਮ ਸ਼ੁਰੂ ਹੋਵੇਗਾ ਜਿਸ ਵਿੱਚ ਬੀਬੀ ਮਲਕੀਤ ਕੌਰ ਖਾਲਸਾ ਹਨੂਮਾਨਗੜ੍ਹ ਤੋਂ ਉਚੇਚੇ ਤੌਰ ਤੇ ਪੁੱਜ ਰਹੇ ਹਨ ਅਤੇ ਇਹ ਪ੍ਰੋਗਰਾਮ ਸਵੇਰੇ 10 ਵਜੇ ਸ਼ੁਰੂ ਹੋਵੇਗਾ ਮਾਤਾ ਜੀ 10 ਤੋਂ 12 ਵਜੇ ਤੱਕ ਕਥਾ ਕਰਣਗੇ ਉਸ ਤੋਂ ਬਾਅਦ 4 ਤੋਂ 12 ਤੱਕ ਦੀ ਉਮਰ ਦੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਜਾਣਗੇ, ਜਿਸ ਦੇ ਇੰਚਾਰਜ ਜਰਨੈਲ ਸਿੰਘ ਗਾਬੜੀਆ ਹੋਣਗੇ ਅਤੇ ਬੱਚਿਆਂ ਲਈ ਦਸਤਾਰ ਮੁਕਾਬਲੇ, ਮੂਲ ਮੰਤਰ ਜਾਪ, ਸਿੱਖ ਇਤਿਹਾਸ, ਗੁਰਬਾਣੀ ਦਾ ਸ਼ੁੱਧ ਉਚਾਰਨ ਲਈ ਇਮਤਿਹਾਨ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲਿਆ ਨੂੰ ਸ਼ੀਲਡ ਨਾਲ ਸਨਮਾਨ ਕੀਤਾ ਜਾਵੇਗਾ, ਜਦੋਂ ਕਿ ਇਹ ਟੈਸਟ ਲੈਣ ਲਈ ਉਘੇ ਧਾਰਮਿਕ ਪ੍ਰਚਾਰਕ ਬੁਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਸਾਰਾ ਪ੍ਰੋਗਰਾਮ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੋਵੇਗਾ ਅਤੇ ਇਸ ਮੋਕੇ ਲੰਗਰ ਦੀ ਦੇਖ—ਰੇਖ ਹਰਜੀਤ ਸਿੰਘ ਧਾਲੀਵਾਲ ਅਤੇ ਬਲਕਾਰ ਸਿੰਘ ਖਾਲਸਾ ਕਰਣਗੇ। ਗੱਲਬਾਤ ਕਰਦਿਆਂ ਗੁਰਦਿਆਲ ਸਿੰਘ ਵਿਰਕ ਨੇ ਆਖਿਆ ਕਿ ਸਾਰੇ ਨੇੜੇ ਨੇੜੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਕੂਲਾ ਦੇ ਬੱਚਿਆਂ ਨੂੰ ਵੀ ਬੁਲਾਇਆ ਜਾਵੇਗਾ। ਸਾਡਾ ਅਤੇ ਜਗਜੀਤ ਸਿੰਘ ਭੁੱਲਰ ਦਾ ਮਿਸ਼ਨ ਭਾਈ ਮਰਦਾਨਾ ਸੋਸਾਇਟੀ ਅਤੇ ਸਵਰਗੀ ਹਰਪਾਲ ਸਿੰਘ ਭੁੱਲਰ ਦਾ ਨਾਮ ਦੁਨਿਆਂ ਪੱਧਰ ਤੇ ਹੋਰ ਅੱਗੇ ਲੈ ਕੇ ਜਾਣਾ ਹੈ, ਇਸ ਦਿਨ ਠੰਡੀ ਸ਼ਬੀਲ ਅਤੇ ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਇਸ ਮੋਕੇ ਬਲਕਾਰ ਸਿੰਘ ਖਾਲਸਾ, ਗੁਰਦਿਆਲ ਸਿੰਘ ਵਿਰਕ ਤੋਂ ਇਲਾਵਾ ਇੰਦਰਪਾਲ ਸਿੰਘ ਪ੍ਰਿੰਸ, ਰਾਜੇਸ਼ ਕੁਮਾਰ, ਬਲਜਿੰਦਰ ਸਿੰਘ ਬਬੂ ਹੁਸੈਨੀਵਾਲਾ ਹਾਜ਼ਰ ਸਨ।

# ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਅੱਜ—ਧਾਲੀਵਾਲ

ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) :— ਪੰਜ਼ਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਸੰਗਰੂਰ ਮੰਡਲ ਦੀ ਮੀਟਿੰਗ ਅੱਜ 19 ਮਈ ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੋਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਦੱਸਿਆ ਕਿ ਪੰਜ਼ਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਦੇ ਸੂਬਾ ਮੀਤ ਪ੍ਰਧਾਨ ਭਜਨ ਸਿੰਘ ਵੱਲੋਂ ਕਮੇਟੀ ਨੂੰ ਸੂਚਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਪ੍ਰਧਾਨ ਮੁਤਾਬਿਕ ਮੰਡਲ ਕਮੇਟੀ ਸੰਗਰੂਰ ਦੇ ਵਣ ਪੈਨਸ਼ਨਰਜ ਦੀ ਮੀਟਿੰਗ ਗੁਰੂਦਵਾਰਾ ਸ਼੍ਰੀ ਜਯੋਤੀ ਸਰੂਪ ਬਾਬਾ ਸ਼੍ਰੀ ਅਤਰ ਸਿੰਘ ਸੰਗਰੂਰ ਵਿਖੇ ਦਿਨ ਸੋਮਵਾਰ ਸਵੇਰੇ 10:0 ਵਜੇ ਸ਼੍ਰੀ ਭਰਪੂਰ ਸਿੰਘ ਮੰਡਲ ਪ੍ਰਧਾਨ ਸੰਗਰੂਰ ਮੰਡਲ ਦੀ ਪ੍ਰਧਾਨਗੀ ਹੇਠ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਵਣ ਪੈਨਸ਼ਨਰ ਦੇ ਬਣਦੇ ਸੇਵਾ ਲਾਭ ਦੇਣ, ਪੈਨਸ਼ਨ ਕੇਸ ਹਰ ਪਖੋਂ ਮੁਕੰਬਲ ਕਰਕੇ ਮਾਣਯੋਗ ਮਹਾਂ ਲੇਖਾਕਾਰ ਪੰਜਾਬ ਚੰਡੀਗੜ੍ਹ ਨੂੰ ਭੇਜਣ, ਚਲਦੇ ਕੇਸਾਂ ਵਿੱਚ ਲੋੜੀਂਦਾ ਰਿਕਾਰਡ ਦੇਣ ਅਤੇ ਰਿਕਾਰਡ ਦੇ ਆਧਾਰ ਤੇ ਸਮਾਂਬੱਧ ਨਿਪਟਾਰਾ ਕਰਨ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਅਤੇ ਵਣ ਮੰਡਲ ਅਫ਼ਸਰ ਸੰਗਰੂਰ ਨਾਲ ਪੈਨਸ਼ਨ ਕੇਸਾਂ ਸਬੰਧੀ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਮੰਡਲ ਕਮੇਟੀ ਬਠਿੰਡਾ ਅਤੇ ਪਟਿਆਲਾ ਦੇ ਸਾਥੀਆਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਜ਼ੋ ਸਮੇਂ ਸਿਰ ਹਾਜਰ ਹੋਣ ਦੀ ਸੂਰਤ ਵਿਚ ਮੀਟਿੰਗ ਮੁਕੰਮਲ ਕੀਤੀ ਜਾ ਸਕੇ।

# ਸ਼ਹੀਦੀ ਸਮਾਗਮਾਂ ਸਬੰਧੀ 20 ਮਈ ਨੂੰ ਗੁਰਦੁਆਰਾ ਗੁਰੂ ਦਰਸ਼ਨ ਪ੍ਰਕਾਸ਼ ਵਿਖੇ ਹੋਵੇਗੀ ਮੀਟਿੰਗ—ਗਿਆਨੀ ਸੁਖਦੇਵ ਸਿੰਘ ਖਾਲਸਾ

ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) :— ਪੰਜਾਬ ਵਿਚ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਦੇ ਆ ਰਹੇ ਦਮਦਮੀ ਟਕਸਾਲ ਵੱਲੋਂ 6 ਜੂਨ ਨੂੰ ਗੁਰਦੁਆਰਾ ਗੁਰੂ ਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗਿਆਨੀ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਦੱਸਿਆ ਕਿ ਸ਼ਹੀਦੀ ਸਮਾਗਮ ਕਰਵਾਉਣ ਸਬੰਧੀ ਵਿਉਂਤਬੰਦੀ ਕਰਨ ਅਤੇ ਸਮਾਗਮ ਨੂੰ ਸਫਲ ਬਣਾਉਣ ਲਈ ਇਕ ਮੀਟਿੰਗ ਗੁਰਦੁਆਰਾ ਗੁਰੂ ਦਰਸ਼ਨ ਪ੍ਰਕਾਸ਼ ਵਿਖੇ ਮਿਤੀ 20 ਮਈ ਨੂੰ ਕੀਤੀ ਜਾ ਰਹੀ ਹੈ, ਜਿਸ ਦੀ ਅਗਵਾਈ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਦੌਰਾਨ ਜਿਥੇ ਸਮਾਗਮ ਦੀ ਰੂਪ—ਰੇਖਾ ਉਲੀਕੀ ਜਾਵੇਗੀ, ਉਥੇ ਕੀਰਤਨੀ ਜਥਿਆਂ, ਰਾਗੀ, ਢਾਡੀ ਜਥਿਆਂ ਨੂੰ ਸੱਦਾ ਪੱਤਰ ਦੇਣ ਦੀਆਂ ਕਮੇਟੀਆਂ ਬਣਾਉਣ ਸਮੇਤ ਸਮਾਗਮ ਦੀ ਸਾਰੀ ਦੇਖ—ਰੇਖ ਸਬੰਧੀ ਇਲਾਕੇ ਦੇ ਸਿੰਘਾਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ ਤਾਂ ਜ਼ੋ ਸਮਾਗਮ ਨੂੰ ਮਿਥੇ ਸਮੇਂ ਤੇ ਸ਼ੁਰੂ ਕਰਕੇ ਸਹੀ ਸਮੇਂ ਤੇ ਸਮਾਪਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵੱਖ—ਵੱਖ ਉੱਚ ਕੋਟੀ ਦੇ ਕੀਰਤਨੀ ਜਥਿਆਂ ਸਮੇਤ ਸਿੱਖ ਸਮਾਜ ਦੀਆਂ ਉੱਚ ਸਖਸ਼ੀਅਤਾਂ ਸ਼ਿਰਕਤ ਕਰਕੇ ਆਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜ਼ੋੜਣਗੀਆਂ ਤਾਂ ਜ਼ੋ ਸਾਡਾ ਮਨੁੱਖਾ ਜੀਵਨ ਸਫਲ ਹੋ ਸਕੇ। ਉਨ੍ਹਾਂ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ 20 ਮਈ ਨੂੰ ਗੁਰਦੁਆਰਾ ਗੁਰੂ ਦਰਸ਼ਨ ਪ੍ਰਕਾਸ਼ ਵਿਖੇ ਸ਼ਾਮਿਲ ਹੋ ਕੇ ਸਮਾਗਮ ਸਬੰਧੀ ਆਪਣੇ ਵਿਚਾਰ ਰੱਖਣ ਅਤੇ ਆਪਣੀਆਂ ਡਿਊਟੀਆਂ ਲਗਵਾਉਣ, ਇਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਅਮਰਦੀਪ ਮਾਨ ਨੂੰ ਧਾਰਮਿਕ ਤੇ ਰਾਜਨੀਤਿਕ ਆਗੂਆਂ ਦਿੱਤੀ ਸ਼ਰਧਾਂਜਲੀ













**ਚੌਂਕ ਮਹਿਤਾ, 18 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਤਿਕਾਰਤ ਸਖਸ਼ੀਅਤ ਸ. ਇਕਬਾਲ ਸਿੰਘ ਮਾਨ ਅਤੇ ਸ੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਸ. ਕੰਵਰਦੀਪ ਸਿੰਘ ਮਾਨ ਦੇ ਛੋਟੇ ਭਰਾ ਸ. ਅਮਰਦੀਪ ਸਿੰਘ ਮਾਨ ਨਮਿੱਤ ਰੱਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਅੱਜ ਉਨਾਂ ਦੇ ਗ੍ਰਹਿ ਅੱਡਾ ਨਾਥ ਦੀ ਖੂਹੀ ਵਿਖੇ ਪੈਣ ਉਪਰੰਤ ਗੁਰਦੁਆਰਾ ਬਾਬਾ ਸ਼੍ਰੀ ਚੰਦ ਜੀ ਜਲਾਲ ਉਸਮਾਂ ਵਿਖੇ ਸ਼੍ਰੀ ਦਰਬਾਰ ਸਹਿਬ ਦੇ ਹਜੂਰੀ ਰਾਗੀ ਭਾਈ ਸੁਖਜਿੰਦਰ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ ਅਤੇ ਅਰਦਾਸੀਏ ਸਿੰਘ ਭਾਈ ਦਲਬੀਰ ਸਿੰਘ ਵੱਲੋਂ ਅੰਤਿਮ ਅਰਦਾਸ ਕੀਤੀ ਗਈ। ਇਸ ਦੌਰਾਨ ਸਿੰਘ ਸਾਹਿਬ ਭਾਈ ਸੁਖਦੇਵ ਸਿੰਘ ਸਾਧਪੁਰ, ਦਮਦਮੀ ਟਕਸਾਲ ਦਾ ਮੁੱਖ ਬੁਲਾਰਾ ਭਾਈ ਸੁਖਦੇਵ ਸਿੰਘ, ਸੰਤ ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ ਸਾਹਿਬ, ਜਥੇਦਾਰ ਬਾਬਾ ਅਜੀਤ ਸਿੰਘ ਮੁੱਖੀ ਤਰਨਾਦਲ, ਸੰਤ ਬਾਬਾ ਕੰਵਲਜੀਤ ਸਿੰਘ ਨਾਗੀਆਣਾ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਡੇਰਾ ਭਗਤਾਂ ਦਾ ਤਰਸਿੱਕਾ, ਜਥੇ ਰਣਬੀਰ ਸਿੰਘ ਦਲ ਖਾਲਸਾ ਤੇ ਰਾਗੀ ਭਾਈ ਬਲਦੇਵ ਸਿੰਘ ਹੁਰਾਂ ਨੇ ਹਾਜਰੀ ਭਰੀ। ਇਸ ਸਮੇਂ ਉਚੇਚੇ ਤੌਰ ਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਆਖਿਆ ਕਿ ਇਸ ਬੇਕਵਤੀ ਮੌਤ ਨਾਲ ਮਾਨ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਇਸ ਪਰਿਵਾਰ ਨੇ ਪਾਰਟੀ ਦੀ ਚੜਦੀ ਕਲਾ ਲਈ ਹਰ ਧੁੱਪ-ਛਾਂ ਹੰਢਾਈ ਹੈ, ਇਸ ਲਈ ਅੱਜ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਇਸ ਦੁੱਖ ਵਿਚ ਮਾਨ ਪਰਿਵਾਰ ਦੇ ਨਾਲ ਖੜਾ ਹੈ। ਇਸ ਮੌਕੇ ਸਾਬਕਾ ਵਿਧਾਇਕ ਜਥੇ ਬਲਜੀਤ ਸਿੰਘ ਜਲਾਲ ਉਸਮਾ, ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਸਾਬਕਾ ਵਿਧਾਇਕ ਰਣਜੀਤ ਸਿੰਘ ਛੱਜਲਵੱਡੀ, ਜਿਲਾ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ ਲਦੇਹ, ਜੱਥੇ ਅਮਰਜੀਤ ਸਿੰਘ ਬੰਡਾਲਾ, ਜੱਥੇ ਸੁਰਜੀਤ ਸਿੰਘ ਭਿੱਟੇਵੱਡ ਤੇ ਭਗਵੰਤ ਸਿੰਘ ਸਿਆਲਕਾ (ਤਿੰਨੇ ਸ਼੍ਰੋਮਣੀ ਕਮੇਟੀ ਮੈਂਬਰ), ਸਿਆਸੀ ਸਲਾਹਕਾਰ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਸੀਨੀਅਰ 'ਆਪ' ਆਗੂ ਤਲਬੀਰ ਸਿੰਘ ਗਿੱਲ, ਸੰਦੀਪ ਸਿੰਘ ਏ.ਆਰ., ਚੇਅਰਮੈਨ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਉਪਦੇਸ਼ ਸਿੰਘ ਗਿੱਲ, ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਇੰਸ ਸਰਵਣਪਾਲ ਸਿੰਘ, ਜੱਥੇ ਰਾਜਬੀਰ ਸਿੰਘ ਉਦੋਨੰਗਲ ਪੀ.ਏ.ਸੀ. ਮੈਂਬਰ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਹਰਜਿੰਦਰ ਸਿੰਘ ਨੰਗਲੀ, ਮਨਜੀਤ ਸਿੰਘ ਤਰਸਿੱਕਾ, ਜੱਥੇ ਗੁਲਜ਼ਾਰ ਸਿੰਘ ਧੀਰੇਕੋਟ, ਸੁਰਿੰਦਰਪਾਲ ਸਿੰਘ, ਸੁਖਰਾਜ ਸਿੰਘ ਮੁੱਛਲ, ਸਲਵਿੰਦਰ ਸਿੰਘ ਰਾਜੂ, ਮਨਜਿੰਦਰ ਸਿੰਘ ਭੀਰੀ ਤੇ ਗੁਰਭੇਜ ਸਿੰਘ ਜੱਬੋਵਾਲ (ਸਾਰੇ ਸਰਕਲ ਪ੍ਰਧਾਨ), ਗੁਰਜਿੰਦਰ ਸਿੰਘ ਢਪਈਆ, ਜੱਥੇ ਪ੍ਰਗਟ ਸਿੰਘ ਚੋਗਾਵਾਂ, ਸਵਰਨਜੀਤ ਸਿੰਘ ਕੁਰਾਲੀਆ, ਸੁਖਜੀਤ ਸਿੰਘ ਚਾਹਲ ਈ.ਟੀ.ਓ., ਅਮਰੀਕ ਸਿੰਘ ਬਿੱਟਾ, ਸਰਪੰਚ ਗੁਰਵੇਲ ਸਿੰਘ ਜਲਾਲ, ਮਹਿੰਦਰਪਾਲ ਸਿੰਘ ਬੱਲ, ਹਰਜੋਤ ਸਿੰਘ, ਲਵਪ੍ਰੀਤ ਸਿੰਘ, ਸੁਖਜੀਤ ਸਿੰਘ ਮਾਨ, ਹਰਸ਼ਦੀਪ ਸਿੰਘ ਰੰਧਾਵਾ, ਗੁਰਮੀਤ ਸਿੰਘ ਮਾਨ, ਜਤਿੰਦਰ ਸਿੰਘ ਲੱਧਾਮੁੰਡਾ, ਤਜਿੰਦਰਪਾਲ ਸਿੰਘ ਲਾਡੀ, ਗੁਰਲਾਲ ਸਿੰਘ ਲਾਲੀ, ਐੱਸ.ਐਚ.ਓ. ਹਰਪਾਲ ਸਿੰਘ ਸੋਹੀ, ਐੱਸ.ਐਚ.ਓ. ਸਮਸ਼ੇਰ ਸਿੰਘ, ਬਲਦੇਵ ਸਿੰਘ ਅਠਵਾਲ, ਮਾ ਬਲਜਿੰਦਰ ਸਿੰਘ ਬੁੱਟਰ, ਠੇਕੇਦਾਰ ਲਖਵਿੰਦਰ ਸਿੰਘ ਸਰਪੰਚ ਉਸਮਾਂ, ਡਾ ਪਰਮਜੀਤ ਸਿੰਘ ਸੰਧੂ, ਮਾ. ਸੁਖਦੇਵ ਸਿੰਘ ਜਲਾਲ, ਮਾ. ਗੁਰਪ੍ਰੀਤ ਸਿੰਘ ਜਲਾਲ, ਸਰਪੰਚ ਗੁਰਿੰਦਰ ਸਿੰਘ ਨੰਗਲੀ, ਚੇਅਰਮੈਨ ਗੁਰਮੀਤ ਸਿੰਘ ਨੰਗਲੀ, ਸਰਪੰਚ ਰਜਿੰਦਰ ਸਿੰਘ ਉਦੋਨੰਗਲ, ਤੇਜਬੀਰ ਸਿੰਘ ਸੋਹਲ, ਮਲਕੀਤ ਸਿੰਘ ਮਾਨ, ਸਰਬਜੀਤ ਸਿੰਘ ਮਾਨ, ਗੁਰਮੁਖ ਸਿੰਘ ਸਾਬਾ, ਸੁਖਰਾਜ ਸਿੰਘ ਮਹਿਤਾ, ਇਕਬਾਲ ਸਿੰਘ ਸ਼ਾਹ, ਸਰਪੰਚ ਕਸ਼ਮੀਰ ਸਿੰਘ ਕਾਲ਼ਾ, ਇੰਦਰਜੀਤ ਸਿੰਘ ਖਹਿਰਾ ਅਲਗੋਕੋਠੀ, ਰੁਪਿੰਦਰ ਸਿੰਘ ਰੂਬੀ, ਸਰਪੰਚ ਗੋਪਾਲ ਸਿੰਘ ਘੁਹਾਟਵਿੰਡ, ਤਜਿੰਦਰ ਸਿੰਘ ਬੇਰੀਆਣਾ, ਮੇਜਰ ਸਿੰਘ ਕਲੇਰ, ਸੰਦੀਪ ਸਿੰਘ ਤਨੇਲ, ਮੈਨੇਜਰ ਗੁਰਪ੍ਰੀਤ ਸਿੰਘ, ਇਸ. ਪੁਸ਼ਿਪੰਦਰ ਸਿੰਘ, ਮਨਜਿੰਦਰ ਸਿੰਘ ਰਜਧਾਨ, ਬੂਟਾ ਸਿੰਘ ਜਲਾਲ, ਬਲਵਿੰਦਰ ਸਿੰਘ ਰਜਧਾਨ ਤੇ ਡਾ ਜਲਵੰਤ ਸਿੰਘ, ਵਰਿੰਦਰਜੀਤ ਸਿੰਘ, ਰੁਪਿੰਦਰਜੀਤ ਸਿੰਘ, ਕੇਵਲ ਸਿੰਘ, ਪ੍ਰਗਟ ਸਿੰਘ, ਸੁਖਦੇਵ ਸਿੰਘ ਤੇ ਮਹਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਹੋਰ ਵੀ ਸਖਸ਼ੀਅਤਾਂ ਹਾਜਰ ਸਨ।




ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243